# ਕੁਈਨਸ (Queens)

**ਡਿਸਟ੍ਰਿਕਟ 19–32, 34**

**ਅਗਾਊਂ ਵੋਟਿੰਗ**
28 ਅਕਤੂਬਰ–5 ਨਵੰਬਰ

**ਚੋਣ-ਦਿਵਸ**
7 ਨਵੰਬਰ

## 2023 nyc ਦੀਆਂ ਆਮ ਚੋਣਾਂ

# ਵੋਟਰ ਗਾਈਡ

**ਵੋਟਿੰਗ ਕਰਨਾ ਬਹੁਤ ਹੀ ਸਰਲ**
nycvotes.org/pa

**NYC VOTES**
ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਦੀ ਇੱਕ ਪਹਿਲ

# 2023 NYC ਵੋਟਰ ਗਾਈਡ

ਤੁਹਾਨੂੰ ਇਹ ਵੋਟਰ ਗਾਈਡ ਮਿਲ ਰਹੀ ਹੈ, ਕਿਉਂਕਿ ਤੁਸੀਂ ਇੱਕ ਰਜਿਸਡਰਡ ਵੋਟਰ ਹੋ ਅਤੇ ਹੁਣੇ ਜਿਹੀ ਹੋਈ ਚੋਣ ਵਿੱਚ ਤੁਸੀਂ ਵੋਟ ਪਾਈ ਸੀ। ਆਪਣੀ ਡਿਸਟ੍ਰਿਕਟ ਲਈ ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ ਲਈ **punjabi.nycvotes.org/candidates** 'ਤੇ ਜਾਓ।

### ਮੈਂ ਵੋਟ ਕਦੋਂ ਪਾਵਾਂ?

- ਆਮ ਚੋਣ ਮੰਗਲਵਾਰ, 7 ਨਵੰਬਰ ਨੂੰ ਹੈ।
- ਤੁਸੀਂ ਸ਼ਨਿਚਰਵਾਰ, 28 ਅਕਤੂਬਰ ਤੋਂ ਐਤਵਾਰ, 5 ਨਵੰਬਰ ਤੱਕ ਅਗਾਊਂ ਵੋਟ ਪਾ ਸਕਦੇ ਹੋ। ਸੋਮਵਾਰ, 6 ਨਵੰਬਰਨੂੰ ਕੋਈ ਅਗਾਊਂ ਵੋਟਿੰਗ ਨਹੀਂ ਹੋਏਗੀ।

### ਮੈਂ ਕਿਸ ਲਈ ਵੋਟਿੰਗ ਕਰ ਰਿਹਾ/ਰਹੀ ਹਾਂ?

**ਦਫ਼ਤਰ**

- ਸਿਟੀ ਕੌਂਸਲ
- ਡਿਸਟ੍ਰਿਕਟ ਅਟਾਰਨੀ (ਬ੍ਰੌਂਕਸ (Bronx), ਕੁਈਨਸ (Queens), ਸਟੇਟਨ ਆਈਲੈਂਡ (Staten Island))
- ਸਟੇਟ ਸੁਪਰੀਮ ਅਦਾਲਤ ਦੇ ਜਸਟਿਸ (ਮੈਨਹਟਨ (Manhattan), ਬ੍ਰੌਂਕਸ, ਕੁਈਨਸ, ਬਰੁਕਲਿਨ (Brooklyn))
- ਸਿਵਿਲ ਅਦਾਲਤ ਦੇ ਜੱਜ
- ਸਰੋਗੇਟ ਦੀ ਅਦਾਲਤ (ਬਰੁਕਲਿਨ)
- ਤਜਵੀਜ਼ਾਂ ਵਾਲ਼ੀ ਵੋਟ-ਪਰਚੀ

ਤੁਸੀਂ ਕਿੱਥੇ ਰਹਿੰਦੇ ਹੋ, ਦੇ ਅਧਾਰ 'ਤੇ ਤੁਹਾਡੀ ਵੋਟ-ਪਰਚੀ 'ਤੇ ਦਫ਼ਤਰ ਅਲੱਗ ਹੋ ਸਕਦੇ ਹਨ। **vote.nyc/page/find-your-poll-site** 'ਤੇ ਆਪਣੀ ਵੋਟ-ਪਰਚੀ ਵੇਖੋ।

### ਚੋਣ ਦੀਆਂ ਤਾਰੀਖ਼ਾਂ ਅਤੇ ਅੰਤਮ-ਤਾਰੀਖ਼ਾਂ

| | |
|---|---|
| **23 ਅਕਤੂਬਰ** | ਗੈਰਹਾਜ਼ਰ ਬੈਲਟ ਬਾਰੇ ਬੇਨਤੀ ਦੀ ਅੰਤਮ-ਤਾਰੀਖ਼ (ਆੱਨਲਾਈਨ ਜਾਂ ਡਾਕ ਰਾਹੀਂ)<br>*ਜੇ ਤੁਸੀਂ ਗੈਰਹਾਜ਼ਰ ਬੈਲਟ ਬਾਰੇ ਬੇਨਤੀ ਫ਼ਾਰਮ ਡਾਕ ਰਾਹੀਂ ਭੇਜਦੇ ਹੋ, ਤਾਂ ਚੋਣ ਬੋਰਡ (Board of Elections) ਨੂੰ ਇਸ ਤਾਰੀਖ਼ ਤੱਕ ਜ਼ਰੂਰ ਮਿਲਣਾ ਚਾਹੀਦਾ ਹੈ। |
| **28 ਅਕਤੂਬਰ** | ਵੋਟਰ ਰਜਿਸਟ੍ਰੇਸ਼ਨ ਦੀ ਅੰਤਮ-ਤਾਰੀਖ਼<br>ਅਗਾਊਂ ਵੋਟਿੰਗ ਸ਼ੁਰੂ ਹੋਣੀ ਹੈ |
| **5 ਨਵੰਬਰ** | ਅਗਾਊਂ ਵੋਟਿੰਗ ਖ਼ਤਮ ਹੋਣੀ ਹੈ |
| **6 ਨਵੰਬਰ** | ਗੈਰਹਾਜ਼ਰ ਬੈਲਟ ਬਾਰੇ (ਚੋਣ ਬੋਰਡ ਦੇ ਦਫ਼ਤਰ ਵਿੱਚ ਆਪ ਆਕੇ) ਅੰਤਮ-ਤਾਰੀਖ਼ ਦੀ ਬੇਨਤੀ ਕੀਤੀ ਜਾ ਸਕਦੀ ਹੈ। |
| **7 ਨਵੰਬਰ** | ਆਮ ਚੋਣ ਦਿਹਾੜਾ<br>(ਸਵੇਰੇ 6:00 ਵਜੇ – ਸ਼ਾਮੀਂ 9:00 ਵਜੇ)<br>ਆਪਣੀ ਗੈਰਹਾਜ਼ਰ ਬੈਲਟ (ਵੋਟ-ਪਰਚੀ) 'ਤੇ ਪੋਸਟਮਾਰਕ ਜਾਂ ਵੋਟਾਂ ਪੈਣ ਦੀ ਥਾਂ 'ਤੇ ਇਸ ਨੂੰ ਪਾਉਣ ਦੀ ਅੰਤਮ ਤਾਰੀਖ਼ |

**nycvotes.org/pa** 'ਤੇ ਹੋਰ ਜਾਣੋ!

## ਵਿਸ਼ਾ-ਵਸਤੂ


3 ਵੋਟ ਕਿਵੇਂ ਪਾਓ
4 ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ
5 ਵੋਟਰ ਵਜੋਂ, ਮੇਰੇ ਕਿਹੜੇ ਹੱਕ ਹਨ?
6 ਪਹੁੰਚਯੋਗਤਾ
7 ਸੈਂਪਲ ਵੋਟ
8 ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?
9 ਸਿਟੀ ਕੌਂਸਲ ਬਾਰੇ
11 ਵੋਟ-ਪਰਚੀ 'ਤੇ ਉਮੀਦਵਾਰ
58 ਤਜਵੀਜ਼ਾਂ ਵਾਲੀ ਵੋਟ-ਪਰਚੀ
61 NYC Votes ਬਾਰੇ
62 ਅਕਸਰ ਪੁੱਛੇ ਜਾਣ ਵਾਲੇ ਸੁਆਲ
64 ਚੋਣ ਬੋਰਡ ਨਾਲ ਸੰਪਰਕ ਕਰੋ

# ਵੋਟ ਕਿਵੇਂ ਪਾਓ

## ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ:

**ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ ਦਾ ਪਤਾ ਲਾਓ:**

- **nycvotes.org/pa** 'ਤੇ ਜਾਓ
- NYC ਚੋਣ ਬੋਰਡ ਨੂੰ 866-VOTE-NYC (866-868-3692) ਜਾਂ TTY 212-487- 5496 'ਤੇ ਕਾੱਲ ਕਰੋ।

## ਚੋਣ-ਦਿਵਸ

ਚੋਣ ਦਿਹਾੜੇ 'ਤੇ ਵੋਟਾਂ 7 ਨਵੰਬਰ ਨੂੰ ਸਵੇਰੇ 6:00 ਵਜੇ ਤੋਂ ਸ਼ਾਮੀਂ 9:00 ਵਜੇ ਤੱਕ ਪੈਣੀਆਂ ਹਨ। ਤੁਹਾਨੂੰ ਆਪਣੀ ਮਿੱਥੀ ਹੋਈ ਵੋਟਾਂ ਪੈਣ ਦੀ ਥਾਂ 'ਤੇ ਹੀ ਵੋਟ ਪਾਉਣੀ ਚਾਹੀਦੀ ਹੈ।

ਵੋਟਾਂ ਪੈਣ ਦੀ ਥਾਂ ਬਦਲ ਸਕਦੀਆਂ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਪਤਾ ਲਾਉਣਾ ਯਕੀਨੀ ਬਣਾਓ!

## ਅਗਾਊਂ ਵੋਟਿੰਗ

ਤੁਸੀਂ ਚੋਣ-ਦਿਵਸ ਤੋਂ ਪਹਿਲਾਂ ਆਪ ਜਾਕੇ ਅਗਾਊਂ ਵੋਟ ਪਾਓ ਸਕਦੇ ਹੋ!

**ਕੀ ਪਤਾ ਹੋਣਾ ਚਾਹੀਦਾ ਹੈ**

- ਤੁਹਾਡੀ ਅਗਾਊਂ ਵੋਟਿੰਗ ਦੀ ਥਾਂ ਨਿਰਧਾਰਿਤ ਹੈ, ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਤੁਹਾਡੀ ਚੋਣ-ਦਿਵਸ ਵਾਲੀ ਵੋਟਾਂ ਪੈਣ ਦੀ ਥਾਂ ਤੋਂ ਵੱਖਰੀ ਹੋ ਸਕਦੀ ਹੈ।
- ਰੋਜ਼ ਸਮੇਂ ਅਲੱਗ-ਅਲੱਗ ਹੁੰਦੇ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਆਪਣੀ ਵੋਟਾਂ ਪੈਣ ਦੀ ਥਾਂ ਪੁਸ਼ਟੀ ਕਰਨਾ ਯਕੀਨੀ ਬਣਾਓ।

**ਅਗਾਊਂ ਵੋਟਿੰਗ ਦੀਆਂ ਤਾਰੀਖ਼ਾਂ**

ਸ਼ਨਿਚਰਵਾਰ, 28 ਅਕਤੂਬਰ ਤੋਂ ਐਤਵਾਰ, 5 ਨਵੰਬਰ ਤੱਕ।

## ਡਾਕ ਰਾਹੀਂ ਵੋਟ

ਜੇ ਤੁਹਾਡਾ ਕੋਈ ਜਾਇਜ਼ ਕਾਰਣ ਹੈ, ਜਿਵੇਂ ਚੋਣ-ਦਿਵਸ 'ਤੇ ਨਿਊਯਾਰਕ ਤੋਂ ਦੂਰ ਹੋ ਜਾਂ ਬਿਮਾਰੀ ਜਾਂ ਸਰੀਰਕ ਅਸਮਰੱਥਾ (ਅਪੰਗਤਾ) ਹੈ, ਤਾਂ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

ਆਪਣੀ ਵੋਟ-ਪਰਚੀ ਦੀ ਔਨਲਾਈਨ ਬੇਨਤੀ ਕਰਨ ਜਾਂ ਚੋਣ ਬੋਰਡ ਨੂੰ ਡਾਕ ਰਾਹੀਂ ਤੁਹਾਡੀ ਬੇਨਤੀ ਮਿਲਣ ਦੀ ਅੰਤਮ-ਤਾਰੀਖ਼ 23 ਅਕਤੂਬਰ ਹੈ।

ਜੇ ਤੁਹਾਡਾ ਡਾਕ ਰਾਹੀਂ ਵੋਟ ਪਾਉਣ ਦਾ ਪਲਾਨ ਹੈ, ਤਾਂ ਸਿਰਫ਼ ਗੈਰਹਾਜ਼ਰ ਬੈਲਟ ਦੀ ਬੇਨਤੀ ਕਰੋ। ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ।

**ਤੁਸੀਂ ਆਪਣੀ ਗੈਰਹਾਜ਼ਰ ਬੈਲਟ ਲਈ ਕਿਵੇਂ ਬੇਨਤੀ ਕਰੋ:**

- **nycabsentee.com** 'ਤੇ ਜਾਓ।
- ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ NYC ਚੋਣ ਬੋਰਡ (Board of Elections) ਨੂੰ 866-VOTE-NYC (866-868-3692) ਜਾਂ TTY 212-487-5496 'ਤੇ ਕਾੱਲ ਕਰੋ।
- ਆਪਣੇ ਸਥਾਨਕ NYC ਚੋਣ ਬੋਰਡ ਵਿਖੇ ਜਾਓ ਦਫ਼ਤਰ। ਆਪ ਜਾਕੇ ਆਪਣੀ ਬੇਨਤੀ ਸਬਮਿਟ ਕਰਨ ਦੀ ਅੰਤਮ-ਤਾਰੀਖ਼ 6 ਨਵੰਬਰ ਹੈ।

**ਜੇ ਤੁਹਾਨੂੰ ਘੱਟ ਦਿਸਦਾ ਹੈ ਜਾਂ ਅਸਮਰੱਥਾ (ਅਪੰਗਤਾ) ਹੋ।**

ਸਕ੍ਰੀਨ ਰੀਡਰ ਰਾਹੀਂ ਆਪਣੀ ਵੋਟ-ਪਰਚੀ ਪੜ੍ਹਣ ਲਈ, ਤੁਸੀਂ **nycabsentee.com/accessibility** 'ਤੇ ਔਨਲਾਈਨ ਜਾਂ ਉਪਰ ਦਿੱਤੇ ਗਏ ਨੰਬਰ 'ਤੇ ਕਾੱਲ ਕਰਕੇ ਉਪਲਬਧ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

**ਆਪਣੀ ਵੋਟ-ਪਰਚੀ ਟ੍ਰੈਕ ਕਰਨੀ**

ਤੁਸੀਂ **nycabsentee.com/tracking** 'ਤੇ NYC ਚੋਣ ਬੋਰਡ ਤੋਂ ਆਪਣੀ ਵੋਟ-ਪਰਚੀ ਟ੍ਰੈਕ ਕਰ ਸਕਦੇ ਹੋ।

# ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ

## ਪਹੁੰਚਣ ਵੇਲੇ ਚੈਕ ਇਨ ਕਰੋ

ਜਦੋਂ ਤੁਸੀਂ ਅੰਦਰ ਜਾਂਦੇ ਹੋ, ਤਾਂ ਇੱਕ ਚੋਣ ਵਰਕਰ ਤੁਹਾਨੂੰ ਦਰਸਾਏਗਾ ਕਿ ਤੁਸੀਂ ਕਿੱਥੇ ਸਾਈਨ ਇਨ ਕਰਨਾ ਹੈ। ਉਹ ਤੁਹਾਡੇ ਬਾਰੇ ਰਜਿਸਟਰਡ ਵੋਟਰਾਂ ਦੀ ਸੂਚੀ ਵਿੱਚ ਵੇਖੇਗਾ ਅਤੇ ਤੁਹਾਨੂੰ ਵੋਟ-ਪਰਚੀ ਸੌਂਪਣ ਤੋਂ ਪਹਿਲਾਂ ਤੁਹਾਡੇ ਦਸਤਖ਼ਤ ਦੀ ਜਾਂਚ ਕਰੇਗਾ।

**ਸੁਝਾਅ: ਜੇ ਤੁਹਾਨੂੰ ਚੋਣ ਬੋਰਡ ਡਾਕ ਰਾਹੀਂ ਫ਼ਾਸਟ ਪਾਸ (Fast Pass) ਮਿਲਦਾ ਹੈ, ਤਾਂ ਤੇਜ਼ੀ ਨਾਲ ਚੈਕ ਇਨ ਕਰਨ ਲਈ ਇਸ ਨੂੰ ਆਪਣੇ ਨਾਲ ਲਿਆਓ!**

*ਵੋਟ ਪਾਉਣ ਲਈ ਤੁਹਾਨੂੰ ID ਵਿਖਾਉਣ ਦੀ ਲੋੜ ਨਹੀਂ ਹੈ, ਜਦ ਤੱਕ ਕਿ ਤੁਸੀਂ ਪਹਿਲੀ ਵਾਰੀ ਦਾ ਵੋਟਰ ਹੋ, ਜਿਸਨੇ ਵੋਟ ਪਾਉਣ ਲਈ ਰਜਿਸਟਰ ਕਰਨ ਵੇਲੇ DMV ਜਾਂ ਸੋਸ਼ਲ ਸਿਕਿਓਰਿਟੀ ਨੰਬਰ ਨਹੀਂ ਵਿਖਾਇਆ ਸੀ।

## ਆਪਣੀ ਵੋਟ-ਪਰਚੀ ਭਰੋ

ਆਪਣੀ ਪਸੰਦ ਦੇ ਬਿਲਕੁਲ ਸਾਹਮਣੇ ਅੰਡਾਕਾਰ ਥਾਂ ਪੂਰੀ ਤਰ੍ਹਾਂ ਭਰਕੇ ਆਪਣੀ ਵੋਟ-ਪਰਚੀ 'ਤੇ ਨਿਸ਼ਾਨ ਲਾਓ।

ਜੇ ਤੁਹਾਡੇ ਤੋ ਕੋਈ ਗ਼ਲਤੀ ਹੋ ਗਈ ਹੈ ਜਾਂ ਆਪਣੀ ਵੋਟ-ਪਰਚੀ ਬਾਰੇ ਸੁਆਲ ਹੈ, ਤਾਂ ਤੁਸੀਂ ਮਦਦ ਲਈ ਪੋਲ ਵਰਕਰ ਨੂੰ ਪੁੱਛ ਸਕਦੇ ਹੋ!

*ਆਪਣੀ ਵੋਟ-ਪਰਚੀ ਦੇ ਦੋਹਾਂ ਪਾਸੇ ਨਿਸ਼ਾਨ ਲਾਉਣਾ ਯਾਦ ਰੱਖੋ, ਤਾਂ ਜੋ ਤੁਹਾਡੇ ਤੋਂ ਕੁਝ ਖੁੰਝ ਨਾ ਜਾਏ।

## ਆਪਣੀ ਵੋਟ-ਪਰਚੀ ਸਕੈਨ ਕਰੋ

ਤੁਹਾਡੀ ਵੋਟ-ਪਰਚੀ ਭਰਦਿਆਂ ਸਾਰ ਹੀ, ਸਕੈਨਰ ਵਿੱਚ ਤੁਹਾਡੀ ਵੋਟ-ਪਰਚੀ ਪਾਉਣ ਲਈ ਇੱਕ ਪੋਲ ਵਰਕਰ ਤੁਹਾਡੀ ਮਦਦ ਕਰੇਗਾ। ਤੁਹਾਡੀ ਵੋਟ ਅੰਦਰ ਜਾਣ 'ਤੇ ਸਕੈਨਰ ਤੁਹਾਨੂੰ ਦੱਸੇਗਾ।

## ਆਪਣਾ ਸਟਿੱਕਰ ਪ੍ਰਾਪਤ ਕਰੋ

ਆਪਣਾ ਸਟਿੱਕਰ ਲਓ! ਇਸ ਨੂੰ ਲਾਓ, ਦਰਸਾਓ ਅਤੇ ਯਕੀਨੀ ਬਣਾਓ ਕਿ ਤੁਹਾਡੇ ਦੋਸਤ ਅਤੇ ਪਰਿਵਾਰ ਦੀ ਵੋਟ ਪਾਉਣ ਦਾ ਪਲਾਨ ਬਣਾ ਰਿਹਾ ਹੈ।

# ਇੱਕ ਵੋਟਰ ਦੇ ਤੌਰ 'ਤੇ ਮੇਰੇ ਕੀ ਹੱਕ ਹਨ?

## ਆਮ ਚੋਣ ਵਿੱਚ ਤੁਹਾਨੂੰ ਵੋਟ ਕਰਨ ਦਾ ਹੱਕ ਹੈ, ਜੇ:

- ਤੁਸੀਂ ਇੱਕ ਰਜਿਸਟਰਡ ਵੋਟਰ ਹੋ।
- ਬੰਦ ਹੋਣ ਸਮੇਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਾਈਨ ਵਿੱਚ ਹੋ।

## ਕਿਸੇ ਵੀ ਚੋਣ ਵਿੱਚ ਤੁਹਾਨੂੰ ਹੇਠਾਂ ਦਿੱਤੇ ਹੱਕ ਹਨ:

- ਜੇ ਤੁਹਾਨੂੰ ਭਾਸ਼ਾ ਵਿੱਚ ਮਦਦ ਦੀ ਲੋੜ ਹੈ, ਤਾਂ ਮਦਦ ਲਈ ਇੱਕ ਚੋਣ ਵਰਕਰ ਜਾਂ ਦੁਭਾਸ਼ੀਆ ਲਈ ਪੁੱਛੋ। ਦੁਭਾਸ਼ੀਆ ਬਾਰੇ ਹੋਰ ਜਾਣਕਾਰੀ ਲਈ ਸੁਣਨ ਵਿੱਚ ਦਿੱਕਤ ਵਾਲਿਆਂ ਲਈ 866-VOTE-NYC (866-868-3692) ਜਾਂ TTY 212-487-5496 'ਤੇ ਕਾੱਲ ਕਰੋ।
- ਵੋਟ ਪਾਉਣ ਵਿੱਚ ਮਦਦ ਲਈ ਆਪਣੇ ਨਾਲ (ਆਪਣੇ ਰੋਜ਼ਗਾਰਦਾਤਾ ਜਾਂ ਯੂਨੀਅਨ ਦੇ ਨੁਮਾਇੰਦੇ ਨੂੰ ਛੱਡਕੇ) ਕਿਸੇ ਨੂੰ ਲਿਆਓ।
- ਆਪਣੇ ਨਾਲ ਸਮਗ੍ਰੀ ਲਿਆਓ, ਇਸ ਵਿੱਚ ਵੋਟਰ ਗਾਈਡ ਸ਼ਾਮਿਲ ਹੈ।
- ਭਾਵੇਂ ਵੋਟਿੰਗ ਮਸ਼ੀਨ ਟੁੱਟੀ ਹੋਈ ਹੈ, ਫਿਰ ਵੀ ਵੋਟ ਪਾਓ।
- ਜੇ ਤੁਹਾਡੀ ਵੋਟਰ ਵੋਟਾਂ ਪੈਣ ਦੀ ਥਾਂ ਦੀ ਸੂਚੀ ਵਿੱਚ ਤੁਹਾਡਾ ਨਾਂ ਨਹੀਂ ਹੈ, ਤਾਂ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਓ।
- ਪਹੁੰਚਯੋਗ ਪੋਲਿੰਗ ਥਾਂ ਉਹ ਹੈ, ਜਿੱਥੇ ਕੋਈ ਸਰੀਰਕ ਅੜਿੱਕੇ ਨਾ ਹੋਣ।
- ਆਪਣੀ ਵੋਟ-ਪਰਚੀ ਪਾਉਣ ਲਈ ਪਹੁੰਚਯੋਗ ਵੋਟਿੰਗ ਮਸ਼ੀਨ ਦੀ ਵਰਤੋਂ ਕਰੋ।
- ਆਪਣੀ ਸਮਰੱਥਾ ਜਾਂ ਅਸਮਰੱਥਾ (ਅਪੰਗਤਾ)ਦੀ ਪਰਵਾਹ ਕੀਤੇ ਬਿਨਾ ਵੋਟ ਪਾਓ।

## ਫ਼ੌਜਦਾਰੀ ਜਾਂ ਸੰਗੀਨ ਜੁਰਮ ਦੀ ਸਜ਼ਾ ਵਾਲੇ ਲੋਕਾਂ ਲਈ ਵੋਟਿੰਗ ਦੇ ਹੱਕ:

- ਛੋਟੇ ਜੁਰਮ ਅਤੇ ਸਜ਼ਾ ਦੀ ਉਲੰਘਣਾ ਤੁਹਾਨੂੰ ਵੋਟ ਪਾਉਣ ਤੋਂ ਨਹੀਂ ਰੋਕਦੀ, ਭਾਵੇਂ ਤੁਸੀਂ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹੋ।
- ਜੇ ਇਸ ਸਮੇਂ ਤੁਸੀਂ ਸੰਗੀਨ ਜੁਰਮ ਦੀ ਸਜ਼ਾ ਕਰਕੇ ਜੇਲ੍ਹ ਵਿੱਚ ਬੰਦ ਹੋ, ਤਾਂ ਤੁਸੀਂ ਵੋਟ ਨਹੀਂ ਪਾ ਸਕਦੇ। ਹਾਲਾਂਕਿ, ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਹਾਡੀ ਸਜ਼ਾ ਰੱਦ ਕਰ ਦਿੱਤੀ ਗਈ ਹੈ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਸੀਂ ਜੇਲ੍ਹ ਤੋਂ ਰਿਹਾ ਹੋ ਗਏ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ। ਹਾਲਾਂਕਿ, ਤੁਹਾਨੂੰ ਫਿਰ ਤੋਂ ਵੋਟ ਪਾਉਣ ਲਈ ਰਜਿਸਟਰ ਕਰਨਾ ਚਾਹੀਦੀ ਹੈ।
- ਜੇ ਤੁਸੀਂ ਇਸ ਸਮੇਂ ਪ੍ਰੋਬੇਸ਼ਨ ਜਾਂ ਪੈਰੋਲ 'ਤੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਦੁਰਵਿਹਾਰ ਸਬੰਧੀ ਜੁਰਮ ਬਦਲੇ ਜੇਲ੍ਹ ਵਿੱਚ ਹੋ ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।

## ਜੇ ਤੁਹਾਨੂੰ ਮਦਦ ਚਾਹੀਦੀ ਹੈ, ਕਿਸ ਨਾਲ ਸੰਪਰਕ ਕਰੋ:

- ਜੇ ਤੁਹਾਡੀ ਵੋਟਾਂ ਪੈਣ ਦੀ ਥਾਂ 'ਤੇ ਕੋਈ ਮਸਲਾ ਹੈ, ਤਾਂ ਪੋਲ ਵਰਕਰ ਨੂੰ ਦੱਸੋ ਜਾਂ 866-VOTE-NYC (866-868-3692) ਜਾਂ TTY 212-487-5496 'ਤੇ NYC ਚੋਣ ਬੋਰਡ ਨਾਲ ਸੰਪਰਕ ਕਰੋ।
- ਜੇ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਸਿਖਲਾਈਪ੍ਰਾਪਤ ਚੋਣ ਪ੍ਰੋਟੈਕਸ਼ਨ ਵਾੱਲੰਟੀਅਰ ਨਾਲ ਗੱਲ ਕਰਨ ਲਈ ਚੋਣ ਪ੍ਰੋਟੈਕਸ਼ਨ ਹਾੱਟਲਾਈਨ ਨੂੰ 866-OUR-VOTE (866-687-8683) 'ਤੇ ਕਾੱਲ ਕਰੋ ਅਤੇ ਮੁਫ਼ਤ ਕਾਨੂੰਨੀ ਮਦਦ ਲਓ।
- (866) 390-2992 'ਤੇ ਕਾੱਲ ਕਰਕੇ ਨਿਊਯਾਰਕ ਅਟਾਰਨੀ ਜਨਰਲ ਨਾਲ ਸ਼ਿਕਾਇਤ ਸਾਂਝੀ ਕਰੋ ਜਾਂ ag.ny.gov/election-hotline 'ਤੇ ਜਾਓ।

# ਪਹੁੰਚਯੋਗਤਾ

ਹਰ ਇੱਕ ਨਿਊਯਾਰਕ ਵੋਟਰ ਨੂੰ ਨਿਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਆਪਣੀ ਵੋਟ-ਪਰਚੀ ਪਾਉਣ ਦਾ ਹੱਕ ਹੈ। ਜੇ ਤੁਹਾਨੂੰ ਅਸਮਰੱਥਾ (ਅਪੰਗਤਾ) ਜਾਂ ਅੰਗਰੇਜ਼ੀ ਦੀ ਸੀਮਤ ਮੁਹਾਰਤ ਕਰਕੇ ਆਪਣੀ ਵੋਟ-ਪਰਚੀ ਭਰਨ ਵਾਸਤੇ ਮਦਦ ਦੀ ਲੋੜ ਹੈ, ਤਾਂ ਸਹਾਇਤਾ ਉਪਲਬਧ ਹੈ।

## ਪਹੁੰਚਯੋਗ ਗੈਰਹਾਜ਼ਰ ਬੈਲਟ

ਜੇ ਤੁਹਾਨੂੰ ਦਿਸਦਾ ਨਹੀਂ ਹੈ ਜਾਂ ਤੁਸੀਂ ਵੋਟ-ਪਰਚੀ 'ਤੇ ਨਿਸ਼ਾਨ ਨਹੀਂ ਲਾ ਸਕਦੇ, ਤਾਂ ਤੁਸੀਂ ਅਜੇ ਵੀ ਡਾਕ ਰਾਹੀਂ ਵੋਟ ਪਾ ਸਕਦੇ ਹੋ। ਤੁਸੀਂ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ, ਜਿਸ ਨੂੰ ਸਕ੍ਰੀਨ ਰੀਡਰ ਰਾਹੀਂ ਜਾਂ ਕੰਪਿਊਟਰ ਦੀ ਵਰਤੋਂ ਭਰਕੇ ਪੜ੍ਹਿਆ ਜਾ ਸਕਦਾ ਹੈ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ ਪਹੁੰਚਯੋਗ ਗੈਰਹਾਜ਼ਰ ਬੈਲਟ ਵਾਸਤੇ ਬੇਨਤੀ ਕਰਨ ਲਈ:
**nycabsentee.com/accessibility** 'ਤੇ ਜਾਓ:
ਜਾਂ 866-VOTE-NYC (866-868-3692) ਜਾਂ
TTY 212-487-5496 'ਤੇ ਕੱਾਲ ਕਰੋ।

## ਭਾਸ਼ਾ ਅਤੇ ਦੁਭਾਸ਼ੀਆ ਸੇਵਾ

ਸ਼ਹਿਰ ਭਰ ਵਿੱਚ ਕਈ ਵੋਟਾਂ ਪੈਣ ਦੀ ਥਾਂ 'ਤੇ ਦੁਭਾਸੀਆ ਮਿਲਦੇ ਹਨ। ਤੁਹਾਨੂੰ ਆਪਣੇ ਨਾਲ ਕਿਸੇ ਨੂੰ ਲਿਆਉਣ ਦਾ ਹੱਕ ਹੈ, ਇਸ ਵਿੱਚ ਤੁਹਾਨੂੰ ਤੁਹਾਡੀ ਵੋਟ-ਪਰਚੀ ਬਾਰੇ ਸਮਝਣ ਵਿੱਚ ਮਦਦ ਲਈ ਪਰਿਵਾਰ ਦਾ ਮੈਂਬਰ, ਦੋਸਤ ਜਾਂ ਦੁਭਾਸੀਆ ਸ਼ਾਮਿਲ ਹੁੰਦਾ ਹੈ।

ਵੋਟਾਂ ਪੈਣ ਦੀਆਂ ਕਿਹੜੀਆਂ ਥਾਵਾਂ ਦੁਭਾਸ਼ੀਏ ਦੀ ਸੇਵਾ ਦਿੰਦੀਆਂ ਹਨ, ਬਾਰੇ ਤੁਸੀਂ **vote.nyc** 'ਤੇ ਇਸ ਬਾਰੇ ਜਾਣ ਸਕਦੇ ਹੋ। ਤੁਸੀਂ
866-VOTE-NYC (866-868-3692) 'ਤੇ
ਵੀ ਕੱਾਲ ਕਰ ਸਕਦੇ ਹੋ।

## ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲ਼ੀ ਡਿਵਾਈਸ

ਵੋਟਰਾਂ ਲਈ ਬਿਹਤਰ ਪਹੁੰਚਯੋਗਤਾ ਮੁਹੱਈਆ ਕਰਾਉਣ ਲਈ ਵੋਟਾਂ ਪੈਣ ਦੀਆਂ ਸਾਰੀਆਂ ਥਾਵਾਂ 'ਤੇ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲੇ ਡਿਵਾਈਸ (ballot marking devices, BMD) ਉਪਲਬਧ ਹਨ, ਇਹਨਾਂ ਵੋਟਰਾਂ ਵਿੱਚ ਨੇਤਰਹੀਣ, ਜਿਹਨਾਂ ਨੂੰ ਘੱਟ ਨਜ਼ਰ ਆਉਂਦਾ ਹੈ ਜਾਂ ਅਸਮਰੱਥਾ (ਅਪੰਗਤਾ) ਹਨ ਜਾਂ ਅਜਿਹੀ ਸਥਿਤੀ ਹੈ, ਜਿਸ ਕਰਕੇ ਉਹਨਾਂ ਨੂੰ ਪੈਨ ਨਾਲ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਿੱਚ ਮੁਸ਼ਕਿਲ ਜਾਂ ਦਿੱਕਤ ਹੁੰਦੀ ਹੈ, ਸ਼ਾਮਿਲ ਹਨ

ਜੇ ਤੁਸੀਂ BMD ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਸਿਰਫ਼ ਆਪਣੇ ਪੋਲ ਵਰਕਰ ਨੂੰ ਕਹੋ। ਤੁਸੀਂ ਡਿਸਪਲੇ ਸਕ੍ਰੀਨ 'ਤੇ ਵੋਟ-ਪਰਚੀ ਵੇਖਣ ਲਈ ਇਸਦੀ ਵਰਤੋਂ ਕਰ ਸਕਦੇ ਹੋ, ਇਸਨੂੰ ਹੋਰਨਾਂ ਭਾਸ਼ਾਵਾਂ ਵਿੱਚ ਅਨੁਵਾਦ ਕਰ ਸਕਦੇ ਹੋ ਜਾਂ ਹੈਡਫੋਨ ਰਾਹੀਂ ਆਪਣੀ ਪਸੰਦ ਸੁਣ ਸਕਦੇ ਹੋ।

## ਡਿਵਾਈਸ ਤੁਹਾਡੀ ਵੋਟ-ਪਰਚੀ 'ਤੇ ਚਾਰ ਤਰ੍ਹਾਂ ਨਾਲ ਨਿਸ਼ਾਨ ਲਾਉਂਦੀ ਹੈ:


ਟੱਚ ਸਕ੍ਰੀਨ


ਕੀਪੈਡ (ਬ੍ਰੇਲ)


ਸਿਪ ਐਂਡ ਪਫ਼ ਡਿਵਾਈਸ



ਰੱਾਕਰ ਪੈਡਲ

- ਤੁਸੀਂ ਟੈਕਸਟ ਵੱਡੀ ਕਰਨ ਲਈ “ZOOM IN” (ਜ਼ੂਮ ਇਨ), ਟੈਕਸਟ ਨੂੰ ਵਾਪਸ ਮੂਲ ਅਕਾਰ ਵਿੱਚ ਲਿਆਉਣ ਲਈ “ZOOM OUT” (ਜ਼ੂਮ ਆਉਟ) ਜਾਂ ਵੋਟ-ਪਰਚੀ ਨੂੰ ਕਾਲੇ ਪਿਛੋਕੜ 'ਤੇ ਚਿੱਟੀ ਟੈਕਸਟ 'ਤੇ ਡਿਸਪਲੇ ਕਰਨ ਲਈ “HIGH CONTRAST” (ਹਾਈ ਕੰਟ੍ਰਾਸਟ) ਕਰ ਸਕਦੇ ਹੋ।
- ਤੁਸੀਂ ਹੈਡਫੋਨ 'ਤੇ ਆੱਡੀਓ ਨੂੰ ਫਿਰ ਤੋਂ ਸੁਣ ਸਕਦੇ ਹੋ ਅਤੇ ਇਸਦੀ ਸਪੀਡ ਅਤੇ ਮਾਤਰਾ ਨੂੰ ਸੈਟ ਕਰ ਸਕਦੇ ਹੋ।
- ਯਾਦ ਰੱਖੋ! ਜਦ ਤੱਕ ਤੁਸੀਂ ਨਿਸ਼ਾਨ ਲੱਗੀ ਵੋਟ-ਪਰਚੀ ਸਕੈਨਰ ਵਿੱਚ ਨਹੀਂ ਪਾਉਂਦੇ ਅਤੇ ਆਪਣੀ ਵੋਟ ਪਾ ਦਿੰਦੇ ਹੋ, ਤਾਂ ਤੁਹਾਡੀ ਚੋਣ ਅੰਤਮ ਨਹੀਂ ਮੰਨੀ ਜਾਂਦੀ।
- ਜੇ ਤੁਸੀਂ ਸਕੈਨਰ ਵਿੱਚ ਆਪਣੀ ਵੋਟ-ਪਰਚੀ ਅੰਦਰ ਕਰਨ ਲਈ ਮਦਦ ਚਾਹੁੰਦੇ ਹੋ, ਤਾਂ ਪੋਲ ਵਰਕਰ ਤੁਹਾਡੀ ਮਦਦ ਕਰੇਗਾ।

# ਸੈਂਪਲ ਵੋਟ-ਪਰਚੀ

ਸੈਂਪਲ ਵੋਟ-ਪਰਚੀ ਸਿਰਫ਼ ਡਿਸਪਲੇ ਲਈ ਹੈ। ਇਹ ਅਸਲ ਵੋਟ-ਪਰਚੀ ਨਹੀਂ ਹੈ ਅਤੇ ਇਸ ਨੂੰ ਭਰਨ ਨਾਲ ਹੀ ਤੁਹਾਡੀ ਵੋਟ ਨਹੀਂ ਗਿਣੀ ਜਾਏਗੀ।

| | | |
|---|---|---|
| **City Council** | ⬭ **Candidate A** Party 1 | ⬭ **Candidate B** Party 2 |
| **District Attorney** Bronx, Queens, Staten Island | ⬭ **Candidate A** Party 1 | ⬭ **Candidate B** Party 2 |
| **State Supreme Court** Manhattan, Bronx, Queens, Brooklyn | ⬭ **Candidate A** Party 1 | ⬭ **Candidate B** Party 2 |
| **Civil Court Judges** | ⬭ **Candidate A** Party 1 | ⬭ **Candidate B** Party 2 |
| **Surrogate's Court** Brooklyn | ⬭ **Candidate A** Party 1 | ⬭ **Candidate B** Party 2 |

## ਮੇਰੀਆਂ ਮੁੱਖ ਤਰਜੀਹਾਂ

ਸਿਟੀ ਕੌਂਸਲ ਲਈ ਆਪਣੀਆਂ ਚੋਣਾਂ ਦੀ ਸੂਚੀ ਅਤੇ ਤਜਵੀਜ਼ਾਂ ਵਾਲੀ ਵੋਟ-ਪਰਚੀ ਲਈ ਇਸ ਪੰਨੇ ਦੀ ਵਰਤੋਂ ਕਰੋ। ਤੁਸੀਂ ਆਪਣੀ ਵੋਟ-ਪਰਚੀ ਭਰਨ ਵੇਲੇ ਇਸ ਨੂੰ ਹਵਾਲੇ ਵਜੋਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਿਜਾ ਸਕਦੇ ਹੋ।

**ਸਿਟੀ ਕੌਂਸਲ**

**ਤਜਵੀਜ਼ਾਂ ਵਾਲ਼ੀ ਵੋਟ-ਪਰਚੀ**

ਤਜਵੀਜ਼ 1

ਤਜਵੀਜ਼ 2

ਯਾਦ ਰੱਖੋ! ਤੁਹਾਡੀ ਪਾਰਟੀ ਅਤੇ ਜਿੱਥੇ ਤੁਸੀਂ ਰਹਿੰਦੇ ਹੋ, 'ਤੇ ਨਿਰਭਰ ਕਰਦਿਆਂ ਤੁਹਾਡੀ ਵੋਟ-ਪਰਚੀ 'ਤੇ ਹੋਰ ਦਫ਼ਤਰ ਹੋ ਸਕਦੇ ਹਨ।

ਤੁਸੀਂ **findmypollsite.vote.nyc** 'ਤੇ ਚੋਣ ਬੋਰਡ ਤੋਂ ਆਪਣੀ ਵੋਟ-ਪਰਚੀ ਦੇ ਸੈਂਪਲ ਦਾ ਜਾਇਜ਼ਾ ਲੈ ਸਕਦੇ ਹੋ।

# ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?

ਸਾਡੇ ਚੁਣੇ ਗਏ ਅਧਿਕਾਰੀ ਹਰ ਰੋਜ਼ ਅਜਿਹੇ ਨਿਰਣੇ ਲੈਂਦੇ ਹਨ ਜੋ ਨੌਕਰੀਆਂ, ਰਿਹਾਇਸ਼, ਸਿੱਖਿਆ, ਸਿਹਤ ਸੰਭਾਲ, ਅਤੇ ਹੋਰ ਗੱਲਾਂ ਨੂੰ ਪ੍ਰਭਾਵਿਤ ਕਰਦੇ ਹਨ। ਆਪਣੀ ਵੋਟ-ਪਰਚੀ 'ਤੇ ਦਿੱਤੇ ਦਫ਼ਤਰਾਂ ਬਾਰੇ ਹੋਰ ਜਾਣੋ।

**ਆਪਣੀ ਡਿਸਟ੍ਰਿਕਟ ਲਈ ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ ਲਈ punjabi.nycvotes.org/candidates** 'ਤੇ ਜਾਓ।

## ਸ਼ਹਿਰੀ ਦਫ਼ਤਰ

### ਸਿਟੀ ਕੌਂਸਲ

ਸਿਟੀ ਕੌਂਸਲ ਨਿਊਯਾਰਕ ਸ਼ਹਿਰ ਦੀ ਸਰਕਾਰ ਦੀ ਵਿਧਾਨਕਾਰੀ ਜਾਂ ਕਾਨੂੰਨ ਘੜਣ ਵਾਲੀ ਬ੍ਰਾਂਚ ਹੈ। ਇਸ ਵਿੱਚ 51 ਮੈਂਬਰ ਹਨ। ਕੌਂਸਲ ਮੈਂਬਰ ਆਮ ਤੌਰ 'ਤੇ 4 ਸਾਲ (ਲਗਾਤਾਰ 2 ਮਿਆਦਾਂ ਤੱਕ) ਲਈ ਸੇਵਾ ਦਿੰਦੇ ਹਨ।

2020 ਦੀ ਮਰਦਮਸ਼ੁਮਾਰੀ ਤੋਂ ਬਾਅਦ, ਅਬਾਦੀ ਵਿਚਲੀਆਂ ਤਬਦੀਲੀਆਂ ਦਾ ਤਾਲਮੇਲ ਕਰਨ ਲਈ ਸਿਟੀ ਕੌਂਸਲ ਦੀਆਂ ਡਿਸਟ੍ਰਿਕਟਾਂ ਨੂੰ ਫਿਰ ਤੋਂ ਤਿਆਰ ਕੀਤਾ ਗਿਆ ਸੀ। ਇਸ ਅਮਲ ਕਰਕੇ 2021 ਅਤੇ 2023 ਵਿੱਚ ਚੁਣੇ ਗਏ ਕੌਂਸਲ ਮੈਂਬਰ ਨਵੀਆਂ ਬਣੀਆਂ ਡਿਸਟ੍ਰਿਕਟ ਵਿੱਚ 2-ਸਾਲ ਦੀ ਮਿਆਦ ਲਈ ਸੇਵਾ ਦੇਣਗੇ। 2025 ਵਿੱਚ, 4-ਸਾਲ ਦੀ ਮਿਆਦ ਮੁੜ ਸ਼ੁਰੂ ਹੋਵੇਗੀ।

- ਬਿੱਲਾਂ ਨੂੰ ਪੇਸ਼ ਕਰਦੇ ਹਨ ਅਤੇ ਵੋਟ ਪਾਉਂਦੇ ਹਨ।
- ਸ਼ਹਿਰ ਦੇ ਬਜਟ 'ਤੇ ਗੱਲਬਾਤ ਕਰਦੇ ਹਨ ਅਤੇ ਮਨਜ਼ੂਰੀ ਦਿੰਦੇ ਹਨ।
- ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਸਾਡੇ ਸ਼ਹਿਰ ਦੇ ਵਾਧੇ ਅਤੇ ਵਿਕਾਸ ਬਾਰੇ ਨਿਰਣੇ ਲੈਂਦੇ ਹਨ।
- ਉਹਨਾਂ ਦੇ ਸੰਘਟਕਾਂ ਲਈ ਸਹਾਇਤਾ ਪ੍ਰਦਾਨ ਕਰਦੇ ਹਨ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

## ਕਾਉਂਟੀ ਦਫ਼ਤਰ

### ਡਿਸਟ੍ਰਿਕਟ ਅਟਾਰਨੀ

ਡਿਸਟ੍ਰਿਕਟ ਅਟਾਰਨੀ ਆਪਣੀ ਕਾਉਂਟੀ ਦਾ ਮੁੱਖ ਸਰਕਾਰੀ ਵਕੀਲ ਹੈ। ਉਹ 4 ਸਾਲ ਲਈ ਸੇਵਾ ਦਿੰਦੇ ਹਨ। ਮਿਆਦ ਦੀ ਕੋਈ ਸੀਮਾ ਨਹੀਂ ਹੈ।

- ਫ਼ੈਸਲਾ ਕਰਦੇ ਹਨ ਕਿ ਕਿਹੜੇ ਮਾਮਲਿਆਂ ਵਿੱਚ ਮੁਕੱਦਮਾ (ਕਿਹੜੇ ਮਾਮਲਿਆਂ ਵਿੱਚ ਨਹੀਂ) ਚਲਾਉਣਾ ਹੈ।
- ਫ਼ੌਜਦਾਰੀ ਦੇ ਸਾਰੇ ਮੁਕੱਦਮਿਆਂ ਦੀ ਨਿਗਰਾਨੀ ਕਰਦੇ ਹਨ।
- ਮੁਜਰਮਾਨਾ ਵਿਹਾਰ ਦੀ ਪੜਤਾਲ ਕਰਨੀ ਅਤੇ ਮੁਕੱਦਮਾ ਚਲਾਉਣਾ।

## ਜੱਜ

### ਸਟੇਟ ਦੀ ਸੁਪਰੀਮ ਕੋਰਟ

ਸਟੇਟ ਸੁਪਰੀਮ ਅਦਾਲਤ ਦੇ ਜਸਟਿਸ ਆਪਣੀਆਂ ਕਾਉਂਟੀਆਂ ਦੇ ਅੰਦਰ ਵੱਡੇ ਸੰਗੀਨ ਜੁਰਮਾਂ ਅਤੇ ਸਿਵਿਲ ਕੇਸਾਂ ਦੀ ਸੁਪਰੀਮ ਕੋਰਟ ਨਿਊਯਾੱਰਕ ਸਟੇਟ ਵਿੱਚ ਟ੍ਰਾਇਲ ਕੋਰਟ ਹੈ, ਕੋਰਟ ਆੱਫ਼ ਅਪੀਲਸ ਸਭ ਤੋਂ ਉੱਚੀ ਅਦਾਲਤ ਹੈ। ਉਹ 14-ਸਾਲ ਦੀ ਮਿਆਦ ਤੱਕ ਸੇਵਾ ਦਿੰਦੇ ਹਨ।

- ਤਲਾਕ, ਤੋੜ-ਵਿਛੋੜਾ ਅਤੇ ਰੱਦ ਕਰਨ ਦੀ ਕਾਰਵਾਈ ਦੀ ਪ੍ਰਧਾਨਗੀ ਕਰਦੇ ਹਨ।
- ਸੰਗੀਨ ਜੁਰਮਾਂ (ਜਿਸ ਵਿੱਚ ਇੱਕ ਸਾਲ ਤੋਂ ਵੱਧ ਤੱਕ ਦੀ ਸਜ਼ਾ ਦਿੱਤੀ ਜਾ ਸਕਦੀ ਹੈ) ਦੇ ਫ਼ੌਜਦਾਰੀ ਮੁਕੱਦਮਿਆਂ ਨਾਲ ਨਜਿੱਠਦੇ ਹਨ।
- ਇਕਰਾਰਨਾਮੇ ਅਤੇ ਨਿਜੀ ਜਾਂ ਸਮਾਜਕ ਜੁਰਮ ਵਰਗੇ, ਦੀਵਾਨੀ ਮਾਮਲਿਆਂ ਦਾ ਫ਼ੈਸਲਾ ਕਰਦੇ ਹਨ।

### ਸਿਵਿਲ ਅਦਾਲਤ - ਕਾਉਂਟੀ ਅਤੇ ਡਿਸਟ੍ਰਿਕਟ

ਸਿਵਿਲ ਅਦਾਲਤ ਦੇ ਜੱਜ ਕਾਉਂਟੀਆਂ ਜਾਂ ਡਿਸਟ੍ਰਿਕਟਾਂ ਦੀ ਅਗਵਾਈ ਕਰਦੇ ਹਨ, ਇਸ ਕਰਕੇ ਤੁਹਾਡੀ ਵੋਟ-ਪਰਚੀ 'ਤੇ ਇੱਕ ਨਾਲੋਂ ਵੱਧ ਸਿਵਿਲ ਅਦਾਲਤ ਦੇ ਜੱਜ ਹੋ ਸਕਦੇ ਹਨ। ਜੱਜਾਂ ਨੂੰ 10-ਸਾਲ ਦੀ ਮਿਆਦ ਲਈ ਚੁਣਿਆ ਜਾਂਦਾ ਹੈ ਅਤੇ ਉਹਨਾਂ ਵਲੋਂ ਸੁਣੇ ਜਾਣ ਵਾਲੇ ਕੇਸਾਂ ਵਿੱਚ ਸ਼ਾਮਿਲ ਹਨ:

- $50,000 ਤੱਕ ਦੇ ਦੀਵਾਨੀ ਮਾਮਲੇ।
- ਮਕਾਨ-ਮਾਲਕ-ਕਿਰਾਏਦਾਰ ਸਬੰਧੀ ਮਾਮਲੇ ਅਤੇ ਰਿਹਾਇਸ਼ ਦੇ ਮਿਆਰਾਂ ਨਾਲ ਜੁੜੇ ਦੇਖਭਾਲ ਕਰਨ ਸਬੰਧੀ ਮਾਮਲੇ।
- ਦੁਰਵਿਹਾਰ ਸਬੰਧੀ ਮੁਜਰਮਾਨਾ ਮੁਕੱਦਮਾ।

### ਸਰੋਗੇਟ ਬਾਰੇ ਅਦਾਲਤ

ਸਰੋਗੇਟ ਦੀ ਅਦਾਲਤ ਕਾਉਂਟੀ ਦੇ ਜੱਜ ਵਸਨੀਕਾਂ ਦੀ ਮੌਤ ਤੋਂ ਬਾਅਦ, ਉਹਨਾਂ ਦੀ ਐਸਟੇਟ ਨਾਲ ਜੁੜੇ ਕੇਸਾਂ ਦਾ ਫ਼ੈਸਲਾ ਕਰਦੇ ਹਨ। ਉਹਨਾਂ ਦੀ ਸੇਵਾ ਦੀ ਮਿਆਦ 14 ਸਾਲ ਹੈ ਅਤੇ ਸੁਣਨ ਵਾਲੇ ਕੇਸਾਂ ਵਿੱਚ ਸ਼ਾਮਿਲ ਹਨ:

- ਵਸੀਅਤਾਂ ਅਤੇ ਜਾਇਦਾਦਾਂ ਦਾ ਪ੍ਰਬੰਧ ਕਰਨ ਵਰਗੇ ਮ੍ਰਿਤਕ ਦੇ ਮਾਮਲੇ।
- ਬੱਚੇ ਨੂੰ ਗੋਦ ਲੈਣਾ।
- ਸਰਪ੍ਰਸਤੀ।

# ਸਿਟੀ ਕੌਂਸਲ ਮੈਂਬਰ ਮੈਂਬਰ ਦੀ ਜ਼ਿੰਦਗੀ ਦਾ ਇੱਕ ਦਿਨ


### ਸਿਟੀ ਕੌਂਸਲ ਮੈਂਬਰ ਤੁਹਾਡੇ ਵਾਸਤੇ ਕੀ ਕਰਦੇ ਹਨ?

- ਰਿਹਾਇਸ਼, ਸਿਹਤ ਸੰਭਾਲ, ਸਿੱਖਿਆ, ਜਨਤਕ ਸੁਰੱਖਿਆ, ਅਤੇ ਹੋਰ ਬਹੁਤ ਸਾਰੇ ਮੁੱਦਿਆਂ 'ਤੇ ਬਿੱਲਾਂ ਦਾ ਖਰੜਾ ਤਿਆਰ ਕਰਦੇ ਹਨ ਅਤੇ ਵੋਟ ਪਾਉਂਦੇ ਹਨ। ਕੌਂਸਲ ਮੈਂਬਰ ਬਜ਼ੁਰਗਾਂ ਤੋਂ ਲੈ ਕੇ ਨੌਜਵਾਨ ਬਾਰੇ ਸੇਵਾਵਾਂ ਦੇ ਮੁੱਦਿਆਂ ਸਬੰਧੀ ਕਮੇਟੀਆਂ ਵਿੱਚ ਵੀ ਸ਼ਾਮਲ ਹੋ ਸਕਦੇ ਹਨ।
- ਸ਼ਹਿਰ ਦਾ ~$107 ਅਰਬ ਦਾ ਬਜਟ ਤਿਆਰ ਕਰਨ ਅਤੇ ਮੰਜ਼ੂਰੀ ਦੇਣ ਲਈ ਮੇਅਰ ਨਾਲ ਕੰਮ ਕਰਨਾ। ਹਰੇਕ ਕੌਂਸਲ ਮੈਂਬਰ ਆਪਣੇ ਡਿਸਟ੍ਰਿਕਟ ਵਿੱਚ ਸਕੂਲ ਬਣਾਉਣ ਅਤੇ ਸੁਧਾਰ ਕਰਨ ਲਈ $5 ਮਿਲੀਅਨ ਦੇ ਬਜਟ ਦਾ ਪ੍ਰਬੰਧਨ ਕਰਦੇ ਹਨ, ਅਤੇ ਗੈਰ-ਲਾਭਕਾਰੀ ਸੰਸਥਾਵਾਂ ਦੀ ਸਹਾਇਤਾ ਵਾਸਤੇ ~$500,000 ਦੇ ਵਾਧੂ ਬਜਟ ਦਾ ਪ੍ਰਬੰਧਨ ਵੀ ਕਰਦੇ ਹਨ।
- ਨਿਊਯਾਰਕ ਸ਼ਹਿਰ ਪੁਲਿਸ ਵਿਭਾਗ ਅਤੇ ਨਿਊਯਾਰਕ ਸ਼ਹਿਰ ਸਿੱਖਿਆ ਵਿਭਾਗ ਸਮੇਤ ਨਿਊਯਾਰਕ ਵਾਸੀਆਂ ਦੀ ਸੇਵਾ ਕਰਨ ਵਾਲੀਆਂ ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਪੂਰੇ ਸ਼ਹਿਰ ਵਿੱਚ ਇਮਾਰਤ ਅਤੇ ਜ਼ਮੀਨ ਦੀ ਵਰਤੋਂ ਦਾ ਪਤਾ ਲਗਾਉਂਦੇ ਹਨ, ਜਿਸ ਵਿੱਚ ਸੰਪਤੀ ਦੇ ਮਾਲਕਾਂ ਲਈ ਜ਼ੋਨਿੰਗ ਦੀ ਨਿਗਰਾਨੀ ਕਰਨਾ, ਲੈਂਡਮਾਰਕਾਂ ਨੂੰ ਸੁਰੱਖਿਅਤ ਕਰਨਾ, ਅਤੇ ਸ਼ਹਿਰ ਦੀ ਜ਼ਮੀਨ ਅਤੇ ਜਨਤਕ ਸਹੂਲਤਾਂ ਦਾ ਪ੍ਰਬੰਧਨ ਕਰਨਾ ਸ਼ਾਮਲ ਹੈ।
- ਤੁਹਾਡੇ ਜਿਹੇ ਸੰਘਟਕਾਂ ਦੀ ਸਹਾਇਤਾ ਕਰਦੇ ਹਨ। ਕੌਂਸਲ ਮੈਂਬਰ ਅਤੇ ਉਨ੍ਹਾਂ ਦੇ ਦਫ਼ਤਰ ਟੈਕਸ ਦੀ ਤਿਆਰੀ, ਕਿਫਾਇਤੀ ਰਿਹਾਇਸ਼, ਰੁੱਖ ਲਗਾਉਣ, ਗੰਦੇ ਫੁੱਟਪਾਥ, ਟੋਆਂ, ਪੈਦਲ ਯਾਤਰੀਆਂ ਦੀ ਸੁਰੱਖਿਆ ਅਤੇ ਹੋਰ ਬਹੁਤ ਸਾਰੇ ਮੁੱਦਿਆਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜੇ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਆਪਣੇ ਕੌਂਸਲ ਮੈਂਬਰ ਨਾਲ ਸੰਪਰਕ ਕਰੋ!

## ਨਿਊਯਾਰਕ ਸਿਟੀ ਕੌਂਸਲ ਦਾ ਨਕਸ਼ਾ

- NYC ਵਿੱਚ 51 ਸਿਟੀ ਕੌਂਸਲ ਡਿਸਟ੍ਰਿਕਟ ਹਨ
- ਹਰ ਡਿਸਟ੍ਰਿਕਟ ਵਿੱਚ ~172,000 ਵੋਟਰ ਰਹਿੰਦੇ ਹਨ
- ਸਿਟੀ ਕੌਂਸਲ NYC ਦੇ ~$107 ਅਰਬ ਦੇ ਬਜਟ ਨੂੰ ਮੰਜ਼ੂਰੀ ਦਿੰਦੀ ਹੈ।

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc 'ਤੇ ਪਤਾ ਲਾਓ।**



# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ?**
**ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ**
**punjabi.nycvotes.org/**
**plan-your-ballot 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 19

**ਡੈਮੋਕ੍ਰੈਟਿਕ, ਟੈਕਸਪੇਅਰਸ ਯੂਨਾਈਟ**

- ਟੋਨੀ ਅਵੇਲਾ (Tony Avella)

**ਰਿਪਬਲਿਕਨ, ਕੰਜ਼ਰਵੇਟਿਵ, ਕਾੱਮਨ ਸੈਂਸ**

- ਵਿੱਕੀ ਪੈਲਾਡੀਨੋ (Vickie Paladino)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ punjabi.nycvotes.org/candidates 'ਤੇ ਜਾਓ।



## ਟੋਨੀ ਅਵੇਲਾ (Tony Avella)

ਡੈਮੋਕ੍ਰੈਟਿਕ, ਟੈਕਸਪੇਅਰਸ ਯੂਨਾਈਟ

**ਮੁੱਖ 3 ਮਸਲੇ:**

1. ਜੁਰਮ ਘਟਾਉਣਾ, ਇਸ ਵਿੱਚ ਨਫ਼ਰਤ ਨਾਲ ਜੁੜੇ ਜੁਰਮ ਸ਼ਾਮਿਲ ਹਨ
2. ਇੱਕ-ਦੋ ਪਰਿਵਾਰਕ ਘਰਾਂ ਨੂੰ ਬਚਾਉਣਾ
3. ਕਾੱਲਿਜ ਪੁਆਇੰਟ ਦੀਆਂ ਸੜਕਾਂ ਫ਼ੌਰਨ ਠੀਕ ਕਰਨੀਆਂ

*"ਸਿਟੀ/ਸਟੇਟ ਸਰਕਾਰ ਵਿਚਲੇ ਮੇਰੇ ਪਿਛਲੇ ਅਨੁਭਵ ਅਤੇ ਨੌਰਥਈਸਟ ਕੁਈਨਸ ਬਾਰੇ ਜਾਣਕਾਰੀ, ਸਾਡੀ ਜ਼ਿੰਦਗੀ ਦੀ ਨਿਘਰ ਰਹੀ ਕੁਆਲਿਟੀ ਵਿੱਚ ਸੁਧਾਰ ਕਰਨ ਨੂੰ ਜਾਰੀ ਰੱਖਣ, ਛੋਟੇ ਕਾਰੋਬਾਰਾਂ ਦੀ ਮਦਦ ਕਰਨ, ਪੁਲਿਸ ਦੀ ਹਿਮਾਇਤ ਕਰਨ ਅਤੇ ਜੁਰਮ ਘੱਟ ਕਰਨ ਲਈ, ਮੈਨੂੰ "ਪਹਿਲੇ ਦਿਨ" ਤੋਂ ਕੰਮ ਸ਼ੁਰੂ ਕਰਨ ਦੇ ਸਮਰੱਥ ਬਣਾਉਂਦਾ ਹੈ। ਮੈਂ SHSAT ਨੂੰ ਬਣਾਈ ਰੱਖਣ, ਗਿਫ਼ਟਿਡ/ਟੇਲੈਂਟਿਡ ਪ੍ਰੋਗਰਾਮਾਂ, ਸਕੂਲ ਤੋਂ ਬਾਅਦ ਪ੍ਰੋਗਰਾਮਾਂ ਲਈ ਫ਼ੰਡ ਦਾ ਪਸਾਰ ਕਰਨ, ਸੀਨੀਅਰ ਸਿਟੀਜ਼ਨ/ਵੈਟਰਨ ਪ੍ਰੋਗਰਾਮ ਵਧਾਉਣ, ਸਥਾਨਕ ਕਾਨੂੰਨ 97 ਦੀ ਸ਼ਹਿਰੀ ਫ਼ੰਡਿੰਗ ਅਤੇ NYC ਦੇ ਰਿਟਾਇਰ ਲੋਕਾਂ ਦੇ ਸਿਹਤ ਲਾਭਾਂ ਦੀ ਹਿਮਾਇਤ ਕਰਨ ਲਈ ਜੱਦੋ-ਜਹਿਦ ਕਰਾਂਗਾ। ਬਰੋ ਦਾ ਪ੍ਰਧਾਨ ਡੋਨੋਵਾਨ ਰਿਚਰਡਸ (Donovan Richards), ਕਾਂਗਰਸ ਗ੍ਰੇਸ ਮੈਂਗ (Grace Meng), ਸਟੇਟ ਸੈਨੇਟਰ ਸਟਾਵਿਸਕੀ (Stavisky), ਅਸੈਂਬਲੀਮੈਨ ਬ੍ਰੌਨਮਸਟੀਨ (Braunstein) ਅਤੇ ਵੈਪ੍ਰਿਨ (Weprin), UFT, RWDSU ਅਤੇ ATU ਲੋਕ 1056 ਵਲੋਂ ਪੁਸ਼ਟੀ ਕੀਤੀ ਗਈ ਹੈ।"*

**ਮੌਜੂਦਾ ਕੰਮ-ਧੰਦਾ:** ਰਿਟਾਇਰਡ

**ਪਿਛਲਾ ਕੰਮ-ਧੰਦਾ:** ਸਟੇਟ ਸੈਨੇਟਰ 2010-18

**ਸਿੱਖਿਆ:** BA ਹੰਟਰ ਕਾੱਲਿਜ ਪੌਲੀਟਿਕਲ ਸਾਇੰਸ

**ਸੰਸਥਾਗਤ ਸਬੰਧ:** ਨਾਈਟਸ ਆੱਫ਼ ਪਿਥੀਆਸ; ਸੰਸ ਆੱਫ਼ ਇਟਲੀ

**ਪਹਿਲਾਂ ਦਾ ਸਰਕਾਰੀ ਅਨੁਭਵ:** ਸਿਟੀ ਕੌਂਸਲ ਮੈਂਬਰ, ਜ਼ੋਨਿੰਗ ਚੇਅਰਪਰਸਨ 2001-09

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਵਿੱਕੀ ਪੈਲਾਡੀਨੋ (Vickie Paladino)

ਰਿਪਬਲਿਕਨ, ਕੰਜ਼ਰਵੇਟਿਵ, ਕੱਮਨ ਸੈਂਸ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਦੀ ਰੱਖਿਆ।
2. ਜੀਵਨ ਦੀ ਗੁਣਵੱਤਾ ਅਤੇ ਜ਼ੋਨਿੰਗ।
3. ਸਾਡੇ ਵਿਦਿਆਰਥੀਆਂ ਦੀ ਸਿੱਖਿਆ ਅਤੇ ਸੁਰੱਖਿਆ।

*"ਅਸੀਂ ਦਫ਼ਤਰ ਵਿੱਚ ਆਪਣੀ ਪਹਿਲੀ ਮਿਆਦ ਦੌਰਾਨ ਜਨਤਕ ਸੁਰੱਖਿਆ, ਜ਼ਿੰਦਗੀ ਦੀ ਕੁਆਲਿਟੀ ਅਤੇ ਪੜ੍ਹਾਈ 'ਤੇ ਜਿੱਤ ਹਾਸਿਲ ਕਰਦਿਆਂ ਜ਼ਬਰਦਸਤ ਤਰੱਕੀ ਕੀਤੀ ਹੈ। ਮੈਂ ਇੱਕ ਬਜਟ ਪਾਸ ਕਰਾਉਣ ਵਿੱਚ ਮਦਦ ਕੀਤੀ ਸੀ, ਜਿਸ ਨਾਲ ਬਰਦਸਤ NYPD ਫ਼ੰਡਿੰਗ ਪੂਰੀ ਤਰ੍ਹਾਂ ਬਹਾਲ ਹੋ ਗਈ ਹੈ, ਕੱਲਿਜ ਪੁਆਇੰਟ ਵਿੱਚ ਹੋਰ ਪੁਲਿਸ ਲਾਈ ਗਈ ਹੈ, ਆਪਣੇ ਸਕੂਲਾਂ ਨੂੰ ਲੱਖਾਂ ਦੇ ਹੋਰ ਫ਼ੰਡ ਦਿੱਤੇ ਗਏ ਹਨ, ਡਗਲਸਟਨ ਵਿੱਚ ਬੋਅਨ ਪਾਰਕ ਅਤੇ ਸੈਂਡਹਿਲ ਰੋਡ ਵਰਗੇ ਰੁਕੇ ਹੋਏ ਪ੍ਰੋਜੈਕਟ ਪੂਰੇ ਕੀਤੇ ਗਏ ਸਨ ਅਤੇ ਵਾਈਟਸਟੋਨ ਅਤੇ ਬੇਅਸਾਈਡ ਵਿਚਲਾ ਬੁਨਿਆਦੀ ਢਾਂਚਾ ਅਪਗ੍ਰੇਡ ਕਰਨ ਅਤੇ ਹੜ੍ਹਾਂ ਨੂੰ ਰੋਕਣ ਵਰਗਾ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ ਬੱਚਿਆਂ ਨੂੰ ਅਢੁਕਵੀਂ ਸਮਗ੍ਰੀ ਤੋਂ ਸੁਰੱਖਿਅਤ ਬਣਾਇਆ ਗਿਆ ਹੈ। ਮੇਰੇ ਦਫ਼ਤਰ ਨੇ ਸਿਰਫ਼ ਆਪਣੇ ਪਹਿਲੇ ਸਾਲ ਵਿੱਚ ਲਗਭਗ 1,500 ਸੰਘਟਕ ਮਾਮਲੇ ਬੰਦ ਕਰ ਦਿੱਤੇ ਹਨ ਅਤੇ ਅਸੀਂ ਅਜੇ ਸ਼ੁਰੂਆਤ ਹੀ ਕਰ ਰਹੇ ਹਾਂ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਛੋਟਾ ਕਾਰੋਬਾਰੀ ਮਾਲਕ

**ਪੜ੍ਹਾਈ:** ਹਾਈ ਸਕੂਲ

**ਸੰਸਥਾਗਤ ਸਬੰਧ:** ਪ੍ਰੈਜ਼ੀਡੈਂਟ, ਵਾਈਟਸਟੋਨ ਰਿਪਬਲਿਕਨ ਕਲੱਬ, ਰਿਪਬਲਿਕਨ ਵੂਮੈਨ ਆੱਫ਼ ਦਿ ਯਿਅਰ 2019

**ਪਹਿਲਾਂ ਦਾ ਸਰਕਾਰੀ ਅਨੁਭਵ:** ਮੌਜੂਦਾ ਕੌਂਸਲ ਮੈਂਬਰ, ਡਿਸਟ੍ਰਿਕਟ 19

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰ ਦੀ ਤੁਲਨਾ ਕਰਨੀ

ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ।

ਇੱਥੇ ਸਕੈਨ ਕਰੋ ਜਾਂ **punjabi.nycvotes.org/compare** 'ਤੇ ਜਾਓ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਟੋਨੀ ਅਵੇਲਾ (Tony Avella)** ✓<br>ਡੈਮੋਕ੍ਰੈਟਿਕ, ਟੈਕਸਪੇਅਰਸ ਯੂਨਾਈਟ | **ਵਿੱਕੀ ਪੈਲਾਡੀਨੋ (Vickie Paladino)** ✓<br>ਰਿਪਬਲਿਕਨ, ਕੰਜ਼ਰਵੇਟਿਵ, ਕਾੱਮਨ ਸੈਂਸ |
|---|---|---|
| **ਅਪਰਾਧ** | ਮੈਂ ਪੁਲਿਸ ਦੀ ਹਿਮਾਇਤ ਕਰਾਂਗੀ ਅਤੇ NYPD ਨੂੰ ਡੀਫ਼ੰਡ ਕਰਨ ਦੀ ਕਿਸੇ ਵੀ ਕੋਸ਼ਿਸ਼ ਦੇ ਖ਼ਿਲਾਫ਼ ਵੋਟ ਪਾਵਾਂਗੀ। ਮੈਂ ਨੌਰਥਈਸਟ ਕੁਈਨਸ ਵਿੱਚ ਇੱਕ ਨਵਾਂ ਜ਼ੋਨ ਬਣਾਉਣ ਦੀ ਹਿਮਾਇਤ ਕਰਦੀ ਹਾਂ ਅਤੇ ਫ਼ੰਡ ਤਿਆਰ ਕਰਾਂਗੀ ਅਤੇ ਏਸ਼ਿਆਈ-ਵਿਰੋਧੀ, ਯਹੂਦੀ-ਵਿਰੋਧੀ ਅਤੇ LGBTQ+ਵਿਰੋਧੀ ਹਮਲਿਆਂ ਵਿਚਲੇ ਵਾਧਿਆਂ ਨਾਲ ਨਜਿੱਠਣ ਲਈ ਨਫ਼ਰਤ ਨਾਲ ਜੁੜੇ ਜੁਰਮਾਂ ਲਈ ਸਜ਼ਾ ਦੁਗੁਣੀ ਕਰਾਂਗੀ। | ਜਨਤਕ ਸੁਰੱਖਿਆ ਮੇਰੀ ਪ੍ਰਮੁੱਖ ਤਰਜੀਹ ਹੈ। ਮੈਂ ਇੱਕ ਬਜਟ ਪਾਸ ਕਰਨ ਵਿੱਚ ਮਦਦ ਕੀਤੀ ਜਿਸ ਨੇ ਪੁਲਿਸ ਫੰਡਿੰਗ ਨੂੰ ਪੂਰੀ ਤਰ੍ਹਾਂ ਬਹਾਲ ਕੀਤਾ ਅਤੇ ਸਾਡੇ ਜ਼ਿਲ੍ਹੇ ਵਿੱਚ ਹੋਰ ਅਧਿਕਾਰੀ ਪ੍ਰਾਪਤ ਕੀਤੇ। ਮੈਂ ਨਕਦੀ ਰਹਿਤ ਜ਼ਮਾਨਤ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਚਾਹੁੰਦੀ ਹਾਂ, ਰਾਈਕਰਸ ਨੂੰ ਖੁੱਲ੍ਹਾ ਰੱਖਿਆ ਗਿਆ ਹੈ, ਅਤੇ ਪ੍ਰਗਤੀਸ਼ੀਲ ਡੀਏ (DAs) ਜੋ ਮੁਕੱਦਮਾ ਚਲਾਉਣ ਤੋਂ ਇਨਕਾਰ ਕਰਦੇ ਹਨ, ਨੂੰ ਹਟਾ ਦਿੱਤਾ ਗਿਆ ਹੈ। ਕਾਨੂੰਨ ਵਿਵਸਥਾ ਬਹਾਲ ਹੋਣੀ ਚਾਹੀਦੀ ਹੈ। |
| **ਮਹਿੰਗਾਈ** | ਮਹਿੰਗਾਈ ਨਾਲ ਨਜਿੱਠਣ ਲਈ, ਮੈਂ ਗੈਸੋਲਿਨ/ਕਾਰੋਬਾਰੀ ਟੈਕਸਾਂ ਅਤੇ ਘਰ ਦੇ ਮਾਲਕਾਂ/ਕੌਂਡੋ/ਸਹਿਕਾਰੀ ਸੰਪਤੀ ਟੈਕਸ ਘਟਾਉਣ ਦੀ ਹਿਮਾਇਤ ਕਰਦਾ ਹਾਂ। ਭੋਜਨ ਦੀਆਂ ਘੱਟ ਕੀਮਤਾਂ ਅਤੇ ਪਰਚੀ 'ਤੇ ਲਿਖੀਆਂ ਦਵਾਈਆਂ ਦੀ ਲਾਗਤ ਰਾਹੀਂ ਖਪਤਕਾਰਾਂ ਤੱਕ ਪਹੁੰਚਣ ਵਾਲੀਆਂ ਬਚਤਾਂ ਨਾਲ ਸੁਪਰਮਾਰਕੀਟਾਂ ਅਤੇ ਫਾਰਮੇਸੀਆਂ ਦੀਆਂ ਕਾਰੋਬਾਰ ਚਲਾਉਣ ਦੀਆਂ ਲਾਗਤਾਂ ਘੱਟ ਕਰਨੀਆਂ। | ਮਹਿੰਗਾਈ ਸਾਨੂੰ ਸਭ ਨੂੰ ਗਰੀਬ ਬਣਾਉਂਦੀ ਹੈ, ਅਤੇ ਗਰੀਬ ਅਤੇ ਮੱਧ ਵਰਗ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ। ਅਸੀਂ ਇੱਕ ਰਾਸ਼ਟਰੀ ਮਹਿੰਗਾਈ ਸੰਕਟ ਦਾ ਸਾਹਮਣਾ ਕਰ ਰਹੇ ਹਾਂ, ਅਤੇ ਇਸ ਤੋਂ ਬਾਹਰ ਨਿਕਲਣ ਦਾ ਇੱਕੋ ਇੱਕ ਰਸਤਾ ਵਿੱਤੀ ਅਨੁਸ਼ਾਸਨ, ਇੱਕ ਮਜ਼ਬੂਤ ਆਰਥਿਕਤਾ, ਅਤੇ ਕਿਫਾਇਤੀ ਊਰਜਾ ਕੀਮਤਾਂ ਹਨ। |
| **ਲੋਕਰਾਜ ਦੀ ਰਾਖੀ ਕਰਨਾ** | ਵੋਟਿੰਗ ਸਿਸਟਮਾਂ/ਚੋਣ ਅਫ਼ਸਰਾਂ ਨੂੰ ਸਿਆਸੀ ਦਖ਼ਲਅੰਦਾਜ਼ੀ ਤੋਂ ਬਚਾਉਣਾ ਆਪਣੇ ਲੋਕਰਾਜ ਨੂੰ ਬਣਾਈ ਰੱਖਣ ਦਾ ਤਰੀਕਾ ਹੈ। ਵੋਟਿੰਗ ਦੇ ਹੱਕ ਦੀ ਰਾਖੀ ਕਰਨ/ਵੋਟਿੰਗ ਨੂੰ ਅਸਾਨ ਬਣਾਉਣਾ ਵੀ ਬਹੁਤ ਅਹਿਮ ਗੱਲ ਹੈ। ਵੋਟਰ ਨੂੰ ਡਰਾਉਣ/ਧਮਕਾਉਣ ਨੂੰ ਰੋਕਣ ਲਈ ਵੋਟ ਪਾਉਣ ਵਾਲੀਆਂ ਥਾਵਾਂ 'ਤੇ ਚੋਣ ਦੇ ਦਿਨਾਂ 'ਤੇ ਪ੍ਰਚਾਰ 'ਤੇ ਵੀ ਰੋਕ ਲਾਉਣ ਵਿੱਚ ਮੈਨੂੰ ਭਰੋਸਾ ਹੈ। | ਬੋਲਣ ਦੀ ਆਜ਼ਾਦੀ ਅਤੇ ਸਮੂਹ ਨਿਰਮਾਣ ਸਾਡੇ ਦੇਸ਼ ਦੀ ਨੀਂਹ ਹਨ। ਹਾਲਾਂਕਿ, ਹੁਣੇ ਜਿਹੇ ਹੀ ਅਸੀਂ ਆਪਣੇ ਮੀਡੀਆ, ਅਕਾਦਮਿਕ ਸੰਸਥਾਵਾਂ, ਸਰਕਾਰ ਅਤੇ ਤਕਨੀਕੀ ਇਜਾਰੇਦਾਰੀ ਰਾਹੀਂ ਸੈਂਸਰਸ਼ਿਪ ਨਾਲ ਪਰੇਸ਼ਾਨ ਕਰਨ ਵਾਲਾ ਰੁਝਾਨ ਵੇਖਿਆ ਗਿਆ ਹੈ। ਇਹ ਸਾਡੇ ਲੋਕਤੰਤਰ ਦਾ ਅਸਲ ਸੰਕਟ ਹੈ, ਅਤੇ ਇਸ ਨੂੰ ਠੀਕ ਕੀਤਾ ਜਾਣਾ ਚਾਹੀਦਾ ਹੈ। |

# ਸਿਟੀ ਕੌਂਸਲ ਡਿਸਟ੍ਰਿਕਟ 20

**ਲੋਕਰਾਜੀ**

- ਸਾਂਦਰਾ ਉਂਗ (Sandra Ung)

**ਰਿਪਬਲਿਕਨ, ਕੰਜ਼ਰਵੇਟਿਵ, ਕਾੱਮਨ ਸੈਂਸ, ਮੈਡੀਕਲ ਫ੍ਰੀਡਮ ਪਾਰਟੀ**

- ਯੂ-ਚਿੰਗ ਜੇਮਸ ਪਾਈ (Yu-Ching James Pai)

**ਵਧੀਆ ਢੰਗ ਵਾਲੀ ਫ਼ਲਸ਼ਿੰਗ**

- ਜਿਨ ਲਿਆਂਗ ਡੈਨੀ ਚੈਨ (Jin Liang Dany Chen)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਸਾਂਦਰਾ ਉਂਗ (Sandra Ung)

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਸਿੱਖਿਆ
3. ਰਿਹਾਇਸ਼

*"ਦਫ਼ਤਰ ਵਿੱਚ ਆਪਣੇ ਪਹਿਲੇ ਸਾਲ ਵਿੱਚ, ਮੈਂ ਆਪਣੇ ਭਾਈਚਾਰੇ ਲਈ ਕਈ ਅਹਿਮ ਸ੍ਰੋਤ ਹਾਸਿਲ ਕੀਤੇ ਹਨ, ਜਿਹਨਾਂ ਵਿੱਚ 109ਵੀਂ ਸੀਮਾ ਲਈ ਅਧਿਕਾਰੀਆਂ ਦੀ ਤਦਾਦ ਵਿੱਚ ਵਾਧਾ, ਵਸਨੀਕਾਂ ਲਈ ਮੁਫ਼ਤ ਕਾਨੂੰਨੀ ਸੇਵਾਵਾਂ, ਸਾਫ਼-ਸਫ਼ਾਈ ਦੀਆਂ ਸੇਵਾਵਾਂ ਲਈ ਰਿਕਾੱਰਡ ਫ਼ੰਡਿੰਗ, ਸਾਡੇ ਸਕੂਲਾਂ ਵਿੱਚ ਵੱਡੀ ਪੂੰਜੀਕਾਰੀ ਅਤੇ ਸਾਡੀਆਂ ਹਰਿਆਵਲ ਥਾਵਾਂ ਨੂੰ ਬਿਹਤਰ ਬਣਾਉਣਾ ਸ਼ਾਮਿਲ ਹੈ। ਜੇ ਚੁਣਿਆ ਜਾਂਦਾ ਹਾਂ, ਤਾਂ ਮੈਂ ਸੁਰੱਖਿਅਤ ਸੜਕਾਂ, ਹੋਰ ਕਿਫ਼ਾਇਤੀ ਰਿਹਾਇਸ਼, ਬਿਹਤਰ ਸਕੂਲ ਅਤੇ ਸਾਫ਼ ਗੁਆਂਢਚਾਰਿਆਂ ਲਈ ਸੰਘਰਸ਼ ਕਰਦਾ ਰਹਾਂਗਾ।"*

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਸੀਨੀਅਰ ਸਲਾਹਕਾਰ, ਕਾਂਗਰਸ, ਗ੍ਰੇਸ ਮੈਂਗ (Grace Meng)। ਨਿਊ ਯਾਰਕ ਸਟੇਟ ਪਾਰਕ ਰੱਖਿਆ ਅਤੇ ਇਤਿਹਾਸਕ ਰੱਖਿਆ। ਨਿਊ ਯਾਰਕ ਸ਼ਹਿਰ ਕੰਪਟਰੋਲਰ। ਨਿਊ ਯਾਰਕ ਰਾਜ ਵਿਧਾਨ ਸਭਾ। ਅਟਾੱਰਨੀ, ਸੈਂਕਚੁਅਰੀ ਫ਼ਾੱਰ ਫ਼ਾਮਿਲੀਜ਼; ਐਸੋਸੀਏਟ ਅਟਾੱਰਨੀ, ਡੌਰਸੀ (Dorsey) ਐਂਡ ਵਿਟਨੀ

**ਪੜ੍ਹਾਈ:** BA - CUNY ਹੰਟਰ; J.D. – ਕੋਲੰਬੀਆ ਲਾੱਅ ਸਕੂਲ

**ਸੰਸਥਾਗਤ ਸਬੰਧ:** ਹੌਲੀ ਸਿਵਿਕ, AABANY

**ਪਹਿਲਾਂ ਦਾ ਸਰਕਾਰੀ ਅਨੁਭਵ:** ਸਟੇਟ ਕਮੇਟੀਮੈਨ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਯੂ-ਚਿੰਗ ਜੇਮਸ ਪਾਈ (Yu-Ching James Pai)

ਰਿਪਬਲਿਕਨ, ਕੰਜ਼ਰਵੇਟਿਵ, ਕੱਮਨ ਸੈਂਸ, ਮੈਡੀਕਲ ਫ਼੍ਰੀਡਮ ਪਾਰਟੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਛੋਟੇ ਕਾਰੋਬਾਰਾਂ ਦੀ ਹਿਮਾਇਤ ਕਰਨਾ
3. ਕੁਆਲਿਟੀ ਸਿੱਖਿਆ

*"ਆਓ ਛੋਟੇ ਕਾਰੋਬਾਰਾਂ ਦੀ ਮਦਦ ਕਰੀਏ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਮਿਹਨਤੀ ਲੋਕਾਂ ਅਤੇ ਪਰਿਵਾਰਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਈਏ। ਜਨਤਕ ਸੁਰੱਖਿਆ ਇੱਕ ਵੱਡੀ ਚਿੰਤਾ ਹੈ। ਸਾਡੇ ਬੱਚੇ ਵਿਸ਼ੇਸ਼ ਹਾਈ ਸਕੂਲਾਂ ਅਤੇ ਗਿਫ਼ਟਿਡ ਅਤੇ ਟੇਲੈਂਟਿਡ ਪ੍ਰੋਗਰਾਮਾਂ ਰਾਹੀਂ ਆਪਣੀ ਪੂਰੀ ਸਮਰੱਥਾ ਦਾ ਮੁਜ਼ਾਹਰਾ ਕਰਕੇ ਕੁਆਲਿਟੀ ਵਾਲੀ ਸਿੱਖਿਆ ਅਤੇ ਮੌਕੇ ਦੇ ਹੱਕਦਾਰ ਹਨ। ਸਾਨੂੰ ਤਬਦੀਲੀ ਚਾਹੀਦੀ ਹੈ ਅਤੇ ਤਬਦੀਲੀ ਆਏਗੀ, ਮੈਨੂੰ ਇਹ ਮੌਕਾ ਦਿਓ ਮੇਰੇ ਚੋਣ-ਪ੍ਰਚਾਰ ਦੀ ਹਿਮਾਇਤ ਕਰੋ ਅਤੇ ਮੈਨੂੰ ਵੋਟ ਪਾਓ। 'ਤਬਦੀਲੀ ਤੁਹਾਡੇ ਵਲ ਆ ਰਹੀ ਹੈ।'"*

**ਮੌਜੂਦਾ ਕੰਮ-ਧੰਦਾ:** ਸਵੈ-ਰੋਜ਼ਗਾਰ ਸਰਟੀਫ਼ਾਈਡ ਪਬਲਿਕ ਅਕਾਉਂਟੈਂਟ

**ਪਿਛਲਾ ਕੰਮ-ਧੰਦਾ:** CPA ਫ਼ਰਮਾਂ ਵਿਖੇ ਅਕਾਉਂਟੈਂਟ

**ਸਿੱਖਿਆ:** ਸਟੇਟ ਯੂਨੀਵਰਸਿਟੀ ਆੱਫ਼ ਨਿਊਯਾੱਰਕ - ਅਲਬਨੀ (ਅਕਾਊਂਟਿੰਗ ਵਿੱਚ BS) - 1996

**ਸੰਸਥਾਗਤ ਸਬੰਧ:** ਫ਼ਲੱਸ਼ਿੰਗ ਸੈਂਟਰਲ ਲਾਇਨਸ ਕਲੱਬ, ਤਾਈਵਾਨੀਜ਼ ਚੈਂਬਰ ਆੱਫ਼ ਕਾਮਰਸ ਆੱਫ਼ ਨਿਊ ਯਾਰਕ ਇੰਕ, ਚਾਈਨੀਜ਼ ਅਮਰੀਕਨ ਸੁਸਾਇਟੀ ਆੱਫ਼ CPAs

**ਪਹਿਲਾਂ ਦਾ ਸਰਕਾਰੀ ਅਨੁਭਵ:** ਕੋਈ ਵੀ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ



## ਜਿਨ ਲਿਆਂਗ ਡੈਨੀ ਚੇਨ (Jin Liang Dany Chen)

ਵਧੀਆ ਢੰਗ ਵਾਲੀ ਫ਼ਲਸ਼ਿੰਗ

**ਮੁੱਖ 3 ਮਸਲੇ:**

1. ਭਾਈਚਾਰਕ ਸੁਰੱਖਿਆ
2. ਪੁਲਿਸ ਕਵਰੇਜ ਅਤੇ ਫ਼ੰਡਿੰਗ ਵਧਾਉਣੀ
3. ਅਮਨ ਕਾਨੂੰਨ ਸਮਾਜਕ-ਨਿਆ

*"ਮੈਨੂੰ ਇੱਕ ਪਤੀ ਅਤੇ ਦੋ ਬੱਚਿਆਂ ਦਾ ਪਿਤਾ ਹੋਣ 'ਤੇ ਮਾਣ ਹੈ। ਮੇਰੇ ਭਾਈਚਾਰੇ ਨੇ ਮੈਨੂੰ ਪਾਦਰੀ ਅਤੇ ਭਾਈਚਾਰਕ ਕਾਰਕੁਨ ਵਜੋਂ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਆਪਣੇ ਭਾਈਚਾਰੇ ਲਈ ਇੱਕ ਵਕੀਲ ਦੇ ਤੌਰ 'ਤੇ, ਮੈਂ ਅਹਿਮੀਅਤ ਵਾਲੇ ਮਾਮਲਿਆਂ ਲਈ ਜੱਦੋ-ਜਹਿਦ ਕਰਦਾ ਹਾਂ। ਮੈਂ ਵਧੀਆ ਢੰਗ ਵਾਲੀ ਫ਼ਲਸ਼ਿੰਗ ਵਾਲੇ ਭਾਈਚਾਰਾ ਬਣਾਉਣ ਲਈ ਤੁਹਾਡੇ ਨਾਲ ਮਿਲਕੇ ਜੱਦੋ-ਜਹਿਦ ਕਰਦਾ ਰਹਾਂਗਾ, ਤਾਂ ਜੋ ਅਸੀਂ ਉਹ ਥਾਂ, ਜਿਸ ਨੂੰ ਅਸੀਂ ਘਰ ਕਹਿੰਦੇ ਹਾਂ, ਮਾਣ ਕਰਦੇ ਰਹੀਏ। ਮੈਂ ਹਮੇਸ਼ਾ ਆਪਣੀ ਲੱਅ ਐਨਫ਼ੋਰਸਮੈਂਟ ਦੀ ਹਿਮਾਇਤ ਕਰਾਂਗਾ ਅਤੇ ਉਹ ਜਿਹੜਾ ਕੰਮ ਕਰਨ ਲਈ ਇੱਥੇ ਆਈ ਹੈ, ਮੈਂ ਉਹਨਾਂ ਦੇ ਨਾਲ ਖੜ੍ਹਾ ਰਹਾਂਗਾ। ਇਸ ਬੇਤਰਤੀਬੇ ਮਾਹੌਲ ਵਿੱਚ, ਮੈਂ ਇਸ ਭਾਈਚਾਰੇ ਦੇ ਲੋਕਾਂ ਲਈ ਜੱਦੋ-ਜਹਿਦ ਕਰਨ ਵਾਲੇ ਦੇ ਨਾਲ ਹੀ ਸਿਟੀ ਕੌਂਸਲ ਵਿੱਚ ਤੁਹਾਡਾ ਨੁਮਾਇੰਦਾ ਹਾਂ।*

**ਮੌਜੂਦਾ ਕੰਮ-ਧੰਦਾ:** ਏਸ਼ੀਅਨ ਮਾਰਕੀਟਿੰਗ – ਪ੍ਰੋਹੈਲਥ ਸਾੱਲਿਉਸ਼ਨਸ ਦੇ ਡਾਇਰੈਕਟਰ

**ਪਿਛਲਾਕੰਮ-ਧੰਦਾ:** ਲਾਗੂ ਨਹੀਂ

**ਸਿੱਖਿਆ:** ਲਾਗੂ ਨਹੀਂ

**ਸੰਸਥਾਗਤ ਸਬੰਧ:** USA ਦੀ ਚਾਈਨੀਜ਼ ਅਮਰੀਕੀ ਅਲਾਇੰਸ ਦੇ ਬਾਨੀ ਕੱਲਿਜ ਪੁਆਇੰਟ ਰੈਜ਼ੀਡੈਂਟਸ ਕੁਲੀਸ਼ਨ ਦੇ ਬਾਨੀ

**ਪਹਿਲਾਂ ਦਾ ਸਰਕਾਰੀ ਅਨੁਭਵ:** ਕੱਲਿਜ ਪੁਆਇੰਟ ਜੈਂਡਰ ਸ਼ੈਲਟਰ ਤਬਦੀਲੀ ਦਾ ਸੈਟ-ਅਪ ਤਿਆਰ ਕਰਨ ਵਿੱਚ ਮਦਦ ਕੀਤੀ, NY

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | ਸਾਂਦਰਾ ਉਂਗ (Sandra Ung) ✓<br>ਲੋਕਰਾਜੀ | ਯੂ-ਚਿੰਗ ਜੇਮਸ ਪਾਈ (Yu-Ching James Pai) ✓<br>ਰਿਪਬਲਿਕਨ, ਕੰਜ਼ਰਵੇਟਿਵ, ਕੱਾਮਨ ਸੈਂਸ, ਮੈਡੀਕਲ ਫ਼੍ਰੀਡਮ ਪਾਰਟੀ |
|---|---|---|
| **ਅਪਰਾਧ** | ਮੈਨੂੰ ਪਹਿਲਾਂ ਹੀ 109 ਲਈ ਅਫ਼ਸਰਾਂ ਵਿੱਚ ਵਾਧਾ ਪ੍ਰਾਪਤ ਕਰਨ 'ਤੇ ਮਾਣ ਹੈ, ਪਰ ਮੈਂ ਹੋਰ ਪੁਲਿਸ ਅਫ਼ਸਰਾਂ ਦੇ ਨਾਲ ਹੀ ਸੁਰੱਖਿਆ ਕੈਮਰਿਆਂ ਨੂੰ ਸੁਰੱਖਿਅਤ ਕਰਨਾ ਵੀ ਜਾਰੀ ਰੱਖਾਂਗੀ। ਮੈਂ ਫ਼ੌਜਦਾਰੀ ਨਿਆ ਸਿਸਟਮ ਵਿੱਚ ਮਾਨਸਿਕ ਸਿਹਤ ਦੇ ਹੋਰ ਸ੍ਰੋਤਾਂ ਅਤੇ ਧਿਆਨ ਹਟਾਉਣ ਵਾਲੇ ਪ੍ਰੋਗਰਾਮਾਂ ਨੂੰ ਸੁਰੱਖਿਅਤ ਕਰਨ ਲਈ ਵੀ ਕੰਮ ਕਰਾਂਗੀ। | ਚੰਗੇ ਅੰਕੜਿਆਂ ਨਾਲ ਇਹ ਧੋਖਾ ਨਾ ਪੈਣ ਦਿਓ ਕਿ ਅਸਲ ਵਿੱਚ ਕੀ ਹੋ ਰਿਹਾ ਹੈ। ਕਈ ਜੁਰਮਾਂ ਦੀ ਤਾਂ ਰਿਪੋਰਟ ਹੀ ਨਹੀਂ ਹੁੰਦੀ। ਪੁਲਿਸ ਨੂੰ ਥਾਂ 'ਤੇ ਪਹੁੰਚਣ ਵਿੱਚ 45 ਮਿੰਟ ਤੋਂ ਵੱਧ ਸਮਾਂ ਲੱਗਦਾ ਹੈ। ਇਹ ਬਿਲਕੁਲ ਵੀ ਲਾਹੇਵੰਦ ਨਹੀਂ ਹੈ, ਇਸ ਨਾਲ ਜੁਰਮ ਦੇ ਸ਼ਿਕਾਰ ਲੋਕ ਬੇਦਿਲੀ ਨਾਲ ਕੱਾਲ ਕਰਦੇ ਹਨ। ਸਾਨੂੰ ਸੜਕਾਂ 'ਤੇ ਹੋਰ ਅਫ਼ਸਰ ਤਾਇਨਾਤ ਕਰਕੇ ਸੁਧਾਰ ਕਰਨਾ ਪੈਣਾ ਹੈ। |
| **ਮਹਿੰਗਾਈ** | ਮਹਿੰਗਾਈ ਕੰਮਕਾਜੀ ਵਰਗ ਦੇ ਪਰਿਵਾਰਾਂ ਨੂੰ ਨੁਕਸਾਨ ਪਹੁੰਚਾ ਰਹੀ ਹੈ, ਅਤੇ ਇਸ ਦਾ ਮੁਕਾਬਲਾ ਕਰਨ ਨੂੰ ਤਰਜੀਹੀ ਦਿੱਤੀ ਚਾਹੀਦੀ ਹੈ। ਨਿਊ ਯਾਰਕ ਸ਼ਹਿਰ ਨੂੰ ਖਪਤਕਾਰਾਂ ਵਾਸਤੇ ਲਾਗਤ ਘਟਾਉਣ ਲਈ ਆਪਣੀ ਤਾਕਤ ਤਹਿਤ ਸਭ ਕੁਝ ਕਰਨਾ ਚਾਹੀਦਾ ਹੈ। | CPA ਵਜੋਂ, ਮੌਜੂਦਾ ਮਹਿੰਗਾਈ ਸਪਲਾਈ ਅਤੇ ਲੋੜ ਅਤੇ ਮਹਾਮਾਰੀ ਦੀ ਰਹਿੰਦ-ਖੂਹੰਦ ਦਾ ਸਿੱਟਾ ਹੈ। ਬਹੁਤ ਜ਼ਿਆਦਾ ਮੰਗ ਅਤੇ ਆਲਮੀ ਸਪਲਾਈ ਸਿਲਸਿਲੇ 'ਤੇ ਅਸਰ ਪੈਣ ਕਰਕੇ ਕੀਮਤਾਂ ਵਧੀਆਂ ਹਨ ਅਤੇ ਕੰਮਕਾਜੀ ਅਤੇ ਮਿਡਲ ਕਲਾਸ ਪਰਿਵਾਰਾਂ 'ਤੇ ਸਭ ਤੋਂ ਵੱਧ ਅਸਰ ਪਿਆ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਅਮਰੀਕਾ ਸਾਡੇ ਲੋਕਰਾਜ ਟਿਕਿਆ ਹੋਇਆ ਹੈ ਅਤੇ ਮੈਨੂੰ ਇਸਦੀ ਰਾਖੀ ਕਰਨ ਲਈ ਲੜਣ 'ਤੇ ਮਾਣ ਹੈ। ਸਰਕਾਰੀ ਕਾਰਜਾਂ ਦੇ ਚੇਅਰਪਰਸਨ ਵਜੋਂ, ਮੈਂ ਵੋਟਿੰਗ ਕਰਨ ਤੱਕ ਪਹੁੰਚ ਵਧਾਈ ਹੈ, ਇਸ ਵਿੱਚ ਸੀਨੀਅਰਾਂ ਅਤੇ ਘੱਟ ਅੰਗ੍ਰੇਜ਼ੀ ਜਾਣਨ ਵਾਲਿਆਂ ਲਈ ਵੋਟ-ਪਰਚੀ ਦੇ ਡਿਜ਼ਾਇਨ ਨੂੰ ਬਿਹਤਰ ਬਣਾਉਣਾ ਸ਼ਾਮਿਲ ਹੈ। | ਮਹਾਮਾਰੀ ਦੌਰਾਨ ਇਹ ਗੱਲ ਸਾਫ਼ ਹੋ ਗਈ ਹੈ ਕਿ ਸਾਡਾ ਦੇਸ਼ ਕਿੰਨਾ ਲੋਕਰਾਜੀ ਹੈ। ਜਾਣਕਾਰੀ 'ਤੇ ਪਾਬੰਦੀ ਲਾ ਦਿੱਤੀ ਗਈ ਸੀ, ਕਿਸੇ ਨੂੰ ਬੋਲਣ ਨਹੀਂ ਦਿੱਤਾ ਅਤੇ ਧਰਮ ਦੀ ਅਜ਼ਾਦੀ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਸੀ। ਰੂਹਾਨੀ ਲੀਡਰਾਂ ਨੂੰ ਲੋੜੀਂਦੇ ਵਰਕਰਾਂ ਦਾ ਦਰਜਾ ਨਹੀਂ ਦਿੱਤਾ ਗਿਆ ਸੀ। ਜੇ ਚੁਣਿਆ ਗਿਆ, ਤਾਂ ਮੈਂ ਪੂਜਾ ਕਰਨ ਦੀਆਂ ਥਾਵਾਂ ਨੂੰ ਬਹੁਤ ਅਹਿਮੀਅਤ ਵਾਲੀਆਂ ਥਾਵਾਂ ਦਾ ਦਰਜਾ ਦਿੱਤੇ ਜਾਣ 'ਤੇ ਜ਼ੋਰ ਦਿਆਂਗਾ। |

## ਜਿਨ ਲਿਆਂਗ ਡੈਨੀ ਚੈਨ (Jin Liang Dany Chen)

ਬਿਹਤਰ ਫ਼ਲਸ਼ਿੰਗ

ਫ਼ੰਡਿੰਗ ਵਧਾਕੇ, ਸੜਕਾਂ 'ਤੇ ਹੋਰ ਪੁਲਿਸ ਨਫ਼ਰੀ ਮੁਹੱਈਆ ਕਰਕੇ ਅਤੇ ਪ੍ਰਤੀਕਰਮ ਦਾ ਸਮਾਂ ਘਟਾਉਣ ਲਈ ਸੈਟੇਲਾਈਟ ਦੇ ਖੇਤਰੀ ਸਟੇਸ਼ਨ ਨਾਲ ਜੁਰਮ ਘੱਟ ਕਰਨੇ

ਮਹਿੰਗਾਈ ਦੀ ਦਰ ਸਾਡੇ ਭਾਈਚਾਰੇ ਦੇ ਵਸਨੀਕਾਂ ਅਤੇ ਕਾਰੋਬਾਰੀਆਂ ਦੀ ਜ਼ਿੰਦਗੀ ਤਬਾਹ ਕਰ ਰਹੀ ਹੈ। ਆਪਣੇ ਭਾਈਚਾਰੇ 'ਤੇ ਦਬਾਅ ਘਟਾਉਣ ਵਿੱਚ ਮਦਦ ਲਈ, ਸਾਨੂੰ ਸਿਟੀ ਦੀ ਸਰਕਾਰ ਵਿਚਲੇ ਖ਼ਰਚਿਆਂ ਨੂੰ ਘਟਾਉਣ ਦੇ ਤਰੀਕਿਆਂ ਦਾ ਪਤਾ ਲਾਉਣਾ ਚਾਹੀਦਾ ਹੈ।

ਲੋਕਾਂ ਦੀ ਬਿਹਤਰ ਅਵਾਜ਼ ਵੋਟਰਾਂ ਦੀ ਗਿਣਤੀ ਸਬੰਧੀ ਕਵਰੇਜ ਵਿੱਚ ਸੁਧਾਰ ਕਰਕੇ ਲੋਕਰਾਜ ਦੀ ਰਾਖੀ ਕਰਨੀ। ਚੋਣ ਦੀ ਅਖੰਡਤਾ ਲਈ ਜੱਦੋ-ਜਹਿਦ

# ਉਮੀਦਵਾਰ ਦੇ ਵੀਡੀਓ ਵੇਖੋ

**ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/candidates 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 21

**ਲੋਕਰਾਜੀ**

- ਫ੍ਰਾਂਸਿਸਕੋ P ਮੋਯਾ (Francisco P Moya)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਫ੍ਰਾਂਸਿਸਕੋ P ਮੋਯਾ (Francisco P Moya)

ਲੋਕਰਾਜੀ

**ਮੁੱਖ 3 ਮਸਲੇ:**

1. ਕਿਫ਼ਾਇਤੀ ਰਿਹਾਇਸ਼
2. ਸਕੂਲ ਲਈ ਫ਼ੰਡ
3. ਵਰਕਰਾਂ ਦੀ ਸੁਰੱਖਿਆ

*"2018 ਤੋਂ ਮੈਨੂੰ ਸਿਟੀ ਕੌਂਸਲ ਵਿੱਚ ਈਸਟ ਐਲਮਹਰਸਟ, ਲੀਫ੍ਰੈਕ ਸਿਟੀ ਅਤੇ ਕੋਰੋਨਾ ਦੀ ਨੁਮਾਇੰਦਗੀ ਕਰਨ ਲਈ ਸਨਮਾਨ ਮਿਲਿਆ ਹੈ। ਮੈਂ ਕੰਮ ਕਰਨ ਵਾਲੇ ਨਿਊਯਾਰਕ ਦੇ ਵਸਨੀਕਾਂ ਲਈ ਜੰਗ ਲੜੀ ਹੈ, ਪ੍ਰਵਾਸੀਆਂ ਦੀ ਵਕਾਲਤ ਕੀਤੀ ਹੈ ਅਤੇ ਪਬਲਿਕ ਸਕੂਲਾਂ ਵਿੱਚ ਅਰਬਾਂ ਡਾੱਲਰ ਮੁਹੱਈਆ ਕਰਾਏ ਹਨ। ਮੈਨੂੰ ਆਪਣੇ ਭਾਈਚਾਰੇ ਲਈ ਹਜ਼ਾਰਾਂ ਕਿਫ਼ਾਇਤੀ ਰਿਹਾਇਸ਼ ਯੂਨਿਟਾਂ, ਨਵੇਂ ਸਕੂਲ, ਇੱਕ ਸੀਨੀਅਰ ਸੈਂਟਰ ਅਤੇ ਚੰਗੀ ਤਨਖ਼ਾਹ ਵਾਲੀਆਂ ਨੌਕਰੀਆਂ ਦੇਣ 'ਤੇ ਮਾਣ ਹੈ। ਆਪਣੀਆਂ ਸੜਕਾਂ ਸੁਰੱਖਿਅਤ ਕਰਨ ਲਈ ਮੈਂ ਸ੍ਰੋਤਾਂ ਵਿੱਚ ਪੂੰਜੀ ਲਾ ਰਿਹਾ ਹਾਂ। ਸਾਨੂੰ ਇਹ ਯਕੀਨੀ ਬਣਾਉਣ ਲਈ ਕਿ ਅਨੁਭਵੀ ਅਤੇ ਸਮਰਪਿਤ ਲੀਡਰਸ਼ਿਪ ਦੀ ਲੋੜ ਹੈ ਕਿ ਸਾਡੀਆਂ ਸਾਡੇ ਸਾਰੇ ਮਸਲੇ ਸੁਣੇ ਜਾਣ।"*

**ਮੌਜੂਦਾ ਕੰਮ-ਧੰਦਾ:** NYC ਕੌਂਸਲ ਮੈਂਬਰ, ਡਿਸਟ੍ਰਿਕਟ 21

**ਪਿਛਲਾ ਕੰਮ-ਧੰਦਾ:** NY ਰਾਜ ਵਿਧਾਨ ਸਭਾ ਮੈਂਬਰ; ਸਰਕਾਰੀ ਸਬੰਧ

**ਸਿੱਖਿਆ:** BA, ਸੇਂਟ ਜੌਹਨ'ਸ ਯੂਨੀਵਰਸਿਟੀ, ਨੈਸ਼ਨਲ ਅਰਬਨ ਫ਼ੈਲੋ, MPA ਬਰੂਚ ਕਾੱਲਿਜ

**ਸੰਸਥਾਗਤ ਸਬੰਧ:** ਕੋਰੋਨਾ ਲਾੱਇਨਸ ਕਲੱਬ; ਸੇਂਟ ਲੀਓ'ਜ਼ ਗੋਲਡਨ ਏਜ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** NY ਰਾਜ ਵਿਧਾਨ ਸਭਾ ਦਾ ਮੈਂਬਰ; ਡੈਮੋਕ੍ਰੈਟਿਕ ਡਿਸਟ੍ਰਿਕਟ ਲੀਡਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਲੋਕਰਾਜੀ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਫ੍ਰਾਂਸਿਸਕੋ P ਮੋਯਾ (Francisco P Moya)** ✓<br>ਲੋਕਰਾਜੀ |
|---|---|
| **ਅਪਰਾਧ** | ਆਪਣੇ ਭਾਈਚਾਰੇ ਨੂੰ ਸੁਰੱਖਿਅਤ ਬਣਾਉਣਾ ਮੁੱਖ ਤਰਜੀਹ ਹੋਵੇ। ਸਾਨੂੰ ਅਜਿਹੇ ਪ੍ਰੋਗਰਾਮਾਂ ਵਿੱਚ ਪੂੰਜੀ ਲਾਉਣ ਦੀ ਲੋੜ ਹੈ, ਜੋ ਨੌਜੁਆਨਾਂ ਨੂੰ ਗਿਰੋਹਾਂ ਵਿੱਚ ਸ਼ਾਮਿਲ ਹੋਣ ਤੋਂ ਰੋਕਣ, ਨਸ਼ਾਖੋਰੀ ਅਤੇ ਮਾਨਸਿਕ ਸਿਹਤ ਦੀ ਮਹਾਮਾਰੀ ਦਾ ਇਲਾਜ ਕਰਨ, ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਅਤੇ ਆਪਣੇ ਭਾਈਚਾਰੇ ਵਿੱਚ ਵਿਸ਼ਵਾਸ ਪੈਦਾ ਕਰਨ ਦੇ ਨਾਲ ਹੀ ਉਹਨਾਂ ਨੂੰ ਜਵਾਬਦੇਹ ਬਣਾਉਣਾ। |
| **ਮਹਿੰਗਾਈ** | ਅਸੀਂ ਸਾਰੇ ਕਰਿਆਨੇ ਦੀ ਦੁਕਾਨ 'ਤੇ ਮਹਿੰਗਾਈ ਦੀ ਅਸਲੀਅਤ ਵੇਖਦੇ ਹਾਂ। ਕੀਮਤ ਵਧਦੀ ਹੈ. ਪਰ ਉਜਰਤ ਉੱਥੇ ਹੀ ਰਹਿੰਦੀ ਹੈ। ਸਾਨੂੰ, ਖਪਤਕਾਰਾਂ ਨੂੰ ਕੀਮਤਾਂ ਵਿਚਲੇ ਵਾਧੇ ਤੋਂ ਬਚਾਉਣਾ ਚਾਹੀਦਾ ਹੈ – ਇਸ ਲਈ ਮੈਂ ਡਿਲੀਵਰੀ ਐਪ ਲਈ ਹੈ ਅਤੇ ਉਹਨਾਂ ਵਲੋਂ ਲਈਆਂ ਜਾਣ ਵਾਲੀਆਂ ਫ਼ੀਸਾਂ ਸੀਮਤ ਕਰ ਦਿੱਤੀਆਂ ਹਨ, ਤਾਂਜੋ ਔਸਤ ਨਿਊਯਾਰਕ ਦੇ ਵਸਨੀਕਾਂ ਨੂੰ ਇਹਨਾਂ ਤੋਂ ਬਚਾਇਆ ਜਾ ਸਕੇ। |
| **ਲੋਕਰਾਜ ਦੀ ਰਾਖੀ ਕਰਨਾ** | ਸਾਨੂੰ ਸਰਕਾਰ ਵਿੱਚ ਪਹੁੰਚ ਅਤੇ ਭਾਈਵਾਲੀ ਵਧਾਉਣ ਦੀ ਜ਼ਰੂਰਤ ਹੈ। ਇਸਦਾ ਇੱਕ ਤਰੀਕਾ ਵੋਟਿੰਗ ਪਹੁੰਚ ਨੂੰ ਵਧਾਉਣਾ ਹੈ। ਮੈਨੂੰ ਨਿਊ ਯਾਰਕ ਸ਼ਹਿਰ ਚੋਣਾਂ ਵਿੱਚ ਗੈਰ-ਨਾਗਰਿਕਾਂ ਨੂੰ ਵੋਟ ਪਾਉਣ ਦੀ ਇਜਾਜ਼ਤ ਦੇਣ ਵਾਲੇ ਮਿਉਂਸਿਪਲ ਵੋਟਿੰਗ ਕਾਨੂੰਨ ਨੂੰ ਸਪਾਂਸਰ ਕਰਨ 'ਤੇ ਮਾਣ ਸੀ। |

## ਫ਼ੌਲੋ ਕਰੋ
**nyc votes**

**ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ੌਲੋ ਕਰ ਸਕਦੇ ਹੋ**

**@nycvotes**

# ਸਿਟੀ ਕੌਂਸਲ ਡਿਸਟ੍ਰਿਕਟ 22

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਟਿਫ਼ੈਨੀ L ਕਾਬਾਨ (Tiffany L Caban) ✓

**ਰਿਪਬਲਿਕਨ, ਕੰਜ਼ਰਵੇਟਿਵ, ਐਨੀਮਲ ਵੈਲਫ਼ੇਅਰ**

- ਕੈਲੀ ਕਲਿੰਗਮੈਨ (Kelly Klingman) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਟਿਫ਼ੈਨੀ L ਕਾਬਾਨ (Tiffany L Caban) ✓

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਸਬੂਤ-ਅਧਾਰਿਤ ਜਨਤਕ ਸੁਰੱਖਿਆ ਬਾਰੇ ਰਣਨੀਤੀਆਂ
2. ਪੈਦਲ ਤੁਰਨ ਵਾਲਿਆਂ/ਸਿਰਫ਼ ਸਾਈਕਲ ਚਲਾਉਣ ਵਾਲਿਆਂ ਲਈ ਸੜਕਾਂ
3. ਪੱਕੇ ਤੌਰ 'ਤੇ ਕਿਫ਼ਾਇਤੀ ਰਿਹਾਇਸ਼

*"ਇੱਕ ਪਬਲਿਕ ਰੱਖਿਅਕ ਵਜੋਂ, ਟਿਫ਼ੈਨੀ (Tiffany) ਨੇ ਨਿਊਯਾਰਕਰਾਂ ਲਈ ਉਸ ਸਮੇਂ ਸੰਘਰਸ਼ ਕੀਤਾ ਸੀ, ਜਦੋਂ ਉਹਨਾਂ ਨਾਲ ਕੋਈ ਨਹੀਂ ਸੀ। ਇਸ ਸਮੇਂ ਉਹ ਡਿਸਟ੍ਰਿਕਟ 22 ਦੇ ਸਾਰੇ ਵਸਨੀਕਾਂ ਦੀ ਸੇਵਾ ਕਰ ਰਹੇ ਹਨ। ਆਪਣੀ ਪਹਿਲੀ ਮਿਆਦ ਵਿੱਚ ਉਹਨਾਂ ਨੇ ਡਿਸਟ੍ਰਿਕਟ ਵਿੱਚੋਂ ਵੱਧ ਕੂੜਾ ਚੁੱਕਣ ਲਈ ਪਿਕ-ਅਪ ਖ਼ਰੀਦੀਆਂ ਸਨ, ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਅਤੇ ਸਬਵੇਅ ਨੂੰ ਨਵਿਆਉਣਾ ਸ਼ੁਰੂ ਕੀਤਾ ਸੀ, ਕਿਫ਼ਾਇਤੀ ਰਿਹਾਇਸ਼ ਦੀਆਂ 300 ਤੋਂ ਵੱਧ ਯੂਨਿਟਾਂ ਅਤੇ ਇੱਕ ਨਵੇਂ ਵਾਟਰਫ੍ਰੰਟ ਪਾਰਕ ਨੂੰ ਮੰਜ਼ੂਰੀ ਦਿੱਤੀ ਸੀ ਅਤੇ ਅਸਰਦਾਰ ਕਾਨੂੰਨ ਦੇ ਸੱਤ ਹਿੱਸੇ ਪਾਸ ਕੀਤੇ ਸਨ। ਉਹ ਕੌਂਸਲ ਦੇ LGBTQIA+ ਸਿਆਸੀ ਧੜਾ ਦੇ ਸਹਿ-ਚੇਅਰਪਰਸਨ ਹਨ।"*

**ਮੌਜੂਦਾ ਕੰਮ-ਧੰਦਾ:** NYC ਕੌਂਸਲਮੈਂਬਰ

**ਪਿਛਲਾ ਕੰਮ-ਧੰਦਾ:** ਸੀਨੀਅਰ ਸਟ੍ਰੈਟਿਜਿਸਟ, ਵਰਕਿੰਗ ਫ਼ੈਮਿਲੀਜ਼ ਪਾਰਟੀ; ਸਰਕਾਰੀ ਮੁਦਾਲਾ, ਲੀਗਲ ਏਡ ਸੁਸਾਇਟੀ ਅਤੇ NY ਕੰਪਨੀ ਮੁਦਾਲਾ ਸੇਵਾਵਾਂ

**ਪੜ੍ਹਾਈ:** NY ਲੱਅ ਸਕੂਲ, JD. ਪੈਨ ਸਟੇਟ, BA. ਸੇਂਟ ਫ੍ਰਾਂਸਿਸ ਪ੍ਰੈਪ, JHS210, PS62

**ਸੰਸਥਾਗਤ ਸਬੰਧ:** ਵਰਕਿੰਗ ਫ਼ੈਮਿਲੀਜ਼ ਪਾਰਟੀ, ਲੋਕਲ ਪ੍ਰੋਗਰੈਸ, ਡੈਮੋਕ੍ਰੈਟਿਕ ਸੋਸ਼ਲਿਸਟਸ ਆੱਫ਼ ਅਮਰੀਕਾ, ਮਿਜੇਂਟੇ, LGBT, NYC ਐਂਡ ਪਿਉਰਟੋ ਰਿਕਨ ਬਾਰ ਐਸੋਸੀਏਸ਼ਨ।

**ਪਹਿਲਾਂ ਦਾ ਸਰਕਾਰੀ ਅਨੁਭਵ:** NYC ਕੌਂਸਲਮੈਂਬਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਕੈਲੀ ਕਲਿੰਗਮੈਨ (Kelly Klingman)

ਰਿਪਬਲਿਕਨ, ਕੰਜ਼ਰਵੇਟਿਵ, ਐਨੀਮਲ ਵੈਲਫ਼ੇਅਰ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਦੀਆਂ ਮੌਜੂਦਾ ਰਣਨੀਤੀਆਂ ਵਿੱਚ ਸੁਧਾਰ ਕਰਨਾ
2. ਕੁਆਲਿਟੀ ਵਾਲੇ ਵਿਦਿਅਕ ਮੌਕਿਆਂ ਵਿੱਚ ਪੂੰਜੀਕਾਰੀ
3. ਸੁਰੱਖਿਅਤ ਅਤੇ ਕਿਫ਼ਾਇਤੀ ਰਿਹਾਇਸ਼।

*“ਮੈਂ ਜੌੜਿਆਂ ਬੱਚਿਆਂ ਦੀ ਇਕੱਲੀ ਮਾਂ ਹਾਂ ਅਤੇ ਐਸਟੋਰੀਆ ਦੀ ਇੱਕ ਕਾਰੋਬਾਰੀ ਔਰਤ ਹਾਂ, ਜੋ ਸਿਟੀ ਕੌਂਸਲ ਵਿਚ ਡਿਸਟ੍ਰਿਕਟ 22 ਦੀ ਸੇਵਾ ਕਰਨ ਲਈ ਚੋਣ ਲੜ ਰਹੀ ਹਾਂ। ਸਾਨੂੰ ਸਿਟੀ ਕੌਂਸਲਵੂਮੈਨ ਦੀ ਲੋੜ ਹੈ, ਜੋ ਸਾਡੀਆਂ ਸੜਕਾਂ ਨੂੰ ਸੁਰੱਖਿਅਤ ਅਤੇ ਸਾਫ਼ ਰੱਖਣ ਲਈ ਸੰਘਰਸ਼ ਕਰਨਗੇ ਅਤੇ ਸਾਰਿਆਂ ਨੂੰ ਬਿਹਤਰ ਅਤੇ ਵੱਧ ਟਿਕਾਊ ਭਵਿੱਖ ਦਾ ਮੌਕਾ ਦੇਣ ਲਈ ਜੱਦੋ-ਜਹਿਦ ਕਰਨਗੇ। ਮੈਨੂੰ ਪਤਾ ਹੈ ਕਿ ਜਿਉਂਦੇ ਰਹਿਣ ਸੰਘਰਸ਼ ਕਰਨਾ ਕੀ ਹੁੰਦਾ ਹੈ ਅਤੇ ਫਿਰ ਵੀ ਜਿਉਂਦੇ ਰਹਿਣ ਦਾ ਫ਼ਿਕਰ ਬਣਿਆ ਰਹਿੰਦਾ ਹੈ। ਮੈਂ ਐਸਟੋਰੀਆ ਵਿੱਚ ਇੱਥੇ ਆਪਣੀ ਜ਼ਿੰਦਗੀ ਬਣਾਈ ਹੈ ਅਤੇ ਸਾਨੂੰ ਜਿਸ ਚੀਜ਼ ਦੀ ਲੋੜ ਹੈ, ਲਈ ਮੈਂ ਸੰਘਰਸ਼ ਕਰਾਂਗੀ।”*

**ਮੌਜੂਦਾ ਕੰਮ-ਧੰਦਾ:** ਲਾਇਸੈਂਸਸ਼ੁਦਾ ਐਸੋਸੀਏਟ ਰੀਅਲ ਐਸਟੇਟ ਬ੍ਰੋਕਰ

**ਪਿਛਲਾ ਕੰਮ-ਧੰਦਾ:** ਰੀਅਲ ਐਸਟੇਟ ਅਸੈਟ ਮੈਨੇਜਮੈਂਟ, ਨਿਊ ਡਿਵੈਲਪਮੈਂਟ ਪ੍ਰੋਜੈਕਟ ਮੈਨੇਜਮੈਂਟ, ਵਰਕਫ਼ੋਰਸ ਰਿਹਾਇਸ਼ ਪ੍ਰੌਪਰਟੀ ਮੈਨੇਜਮੈਂਟ

**ਪੜ੍ਹਾਈ:** ਲਾਗੂ ਨਹੀਂ

**ਸੰਸਥਾਗਤ ਸਬੰਧ:** ਐਨੀਮਲ ਵੈਲਫ਼ੇਅਰ ਪਾਰਟੀ, ਰੀਅਲ ਐਸਟੇਟ ਬੋਰਡ ਆੱਫ਼ ਨਿਊਯਾੱਰਕ, OSHA ਟ੍ਰੇਨਿੰਗ ਸੇਫ਼ਟੀ ਇੰਸਟੀਟਿਊਟ, ਇਮੈਕਿਉਲੇਟ ਕੰਸੈਪਸ਼ਨ HAA

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ/ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਚੋਣ ਅਲਰਟ ਪ੍ਰਾਪਤ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ!**
**ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਟਿਫ਼ੈਨੀ L ਕਾਬਾਨ (Tiffany L Caban)** ✓<br>ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼ | **ਕੈਲੀ ਕਲਿੰਗਮੈਨ (Kelly Klingman)** ✓<br>ਰਿਪਬਲਿਕਨ, ਕੰਜ਼ਰਵੇਟਿਵ, ਐਨੀਮਲ ਵੈਲਫ਼ੇਅਰ |
|---|---|---|
| **ਅਪਰਾਧ** | ਹਿੰਸਾ ਘੱਟ ਕਰਨ ਲਈ, ਅਸੀਂ ਜੋ ਕੁਝ ਵੀ ਜਾਣਦੇ ਹਾਂ, ਉਸ ਵਿੱਚ ਸਾਨੂੰ ਪੂੰਜੀਕਾਰੀ ਲਾਉਣ ਦੀ ਜ਼ਰੂਰਤ ਹੈ: ਕਿਫ਼ਾਇਤੀ ਰਿਹਾਇਸ਼, ਚੰਗੀਆਂ ਨੌਕਰੀਆਂ, ਵੱਡੀ ਮਾਤਰਾ ਵਿੱਚ ਮਾਨਸਿਕ ਸਿਹਤ-ਸੇਵਾਵਾਂ ਅਤੇ ਹਿੰਸਾ ਦੀ ਰੋਕਥਾਮ ਸਬੰਧੀ ਪੁਸ਼ਟੀਸ਼ੁਦਾ ਪ੍ਰੋਗਰਾਮ। ਇਹ ਨਾਕਾਮ ਪੁਲਿਸਿੰਗ ਅਤੇ ਜੇਲ੍ਹ ਦੀ ਕਿਸਮ ਸਬੰਧੀ ਰਣਨੀਤੀਆਂ, ਜੋ ਸਿਰਫ਼ ਸਦਮੇ ਅਤੇ ਅਪਰਾਧੀਕਰਣ ਨੂੰ ਬਣਾਈ ਰੱਖਦੇ ਹਨ। | ਸਾਰੇ ਲੋਕ ਆਪਣੇ ਘਰ ਅਤੇ ਕੰਮ ਵਾਲੀ ਥਾਂ 'ਤੇ ਸੁਰੱਖਿਅਤ ਮਹਿਸੂਸ ਕਰਨ ਦੇ ਹੱਕਦਾਰ ਹਨ, ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ ਮੈਂ ਇਹ ਯਕੀਨੀ ਬਣਾਉਣ ਲਈ ਦਿਨ ਰਾਤ ਕੰਮ ਕਰਾਂਗੀ ਕਿ ਸਾਰੇ ਲੋਕਾਂ ਦੀ ਰਾਖੀ ਕਰਨ ਲਈ ਸਾਡੇ ਅਫ਼ਸਰਾਂ ਨੂੰ ਲੋੜੀਂਦੇ ਸ੍ਰੋਤ ਦਿੱਤੇ ਜਾਣ। ਸਾਰਿਆਂ ਦੀ ਰਾਖੀ ਕਰਨ ਲਈ, ਮੈਂ ਆਪਣੀਆਂ ਸੜਕਾਂ ਦੇ ਸਬਵੇਆਂ ਅਤੇ ਪਾਰਕਾਂ 'ਤੇ NYPD ਦੀ ਮੌਜੂਦਗੀ ਵਿੱਚ ਵਾਧਾ ਕਰਾਂਗੀ। |
| **ਮਹਿੰਗਾਈ** | ਮੈਂ ConEd ਦਰ ਵਿੱਚ ਵਾਧੇ ਅਤੇ ਕਿਰਾਏ ਦੀਆਂ ਸੇਧਾਂ ਬਾਰੇ ਬੋਰਡ ਦੇ ਖ਼ਿਲਾਫ਼ ਜ਼ੋਰਦਾਰ ਤਰੀਕੇ ਨਾਲ ਬੋਲੀ ਸੀ। ਨਿਊ ਯਾਰਕ ਦੇ ਕੰਮ ਕਰਨ ਵਾਲੇ ਵਸਨੀਕ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਜੂਝ ਰਹੇ ਹਨ। ਉਹਨਾਂ ਨੂੰ ਹੋਰ ਵੱਧ ਭੁਗਤਾਨ ਕਰਨ ਲਈ ਮਜਬੂਰ ਕਰਨ ਨਾਲ ਉਹ ਇੱਥੋਂ ਚਲੇ ਜਾਣਗੇ ਅਤੇ ਬਹੁਤ ਜ਼ਿਆਦਾ ਅਮੀਰਾਂ ਨੂੰ ਨਿਊ ਯਾਰਕ ਨੂੰ ਆਪਣੀ ਪਸੰਦ ਦੀ ਥਾਂ ਬਣਾਉਣ ਦੀ ਖੁੱਲ੍ਹ ਮਿਲ ਜਾਏਗੀ। | ਵਧ ਰਹੀਆਂ ਲਾਗਤਾਂ ਸਾਰੇ ਪਰਿਵਾਰਾਂ ਨੂੰ ਆਰਥਕ ਤੌਰ 'ਤੇ ਤਬਾਹ ਕਰ ਰਹੀਆਂ ਹਨ। ਰਿਹਾਇਸ਼ ਤੋਂ ਲੈਕੇ ਭੋਜਨ ਤੱਕ ਸਿਟੀ ਹਾਲ ਮਹਿੰਗਾਈ ਅਤੇ ਇਸਦੇ ਲੰਮੇ-ਮਿਆਦ ਦੇ ਅਸਰ ਤੋਂ ਬਚਣ ਲਈ ਸੁਰੱਖਿਆ ਵਧਾਉਣ ਲਈ ਵਧੀਆ ਕੰਮ ਕਰ ਸਕਦਾ ਹੈ ਅਤੇ ਕਰਨਾ ਵੀ ਚਾਹੀਦਾ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਮੇਰਾ ਦਫ਼ਤਰ ਇੱਕ ਮਜ਼ਬੂਤ ਭਾਈਵਾਲ ਬਜਟ ਸਬੰਧੀ ਅਮਲ ਚਲਾਉਂਦਾ ਹੈ, ਕਿਉਂਕਿ ਅਸੀਂ ਮੰਨਦੇ ਹਾਂ ਕਿ ਲੋਕਰਾਜ ਇੱਕ ਰਹਿਣਯੋਗ ਸ਼ਹਿਰ ਦੀ ਕੁੰਜੀ ਹੈ। ਮੈਨੂੰ ਸਿਰਫ਼ ਚੋਣ-ਦਿਵਸ ਵਾਲੇ ਦਿਨ ਲੋਕਰਾਜ ਵਿੱਚ ਭਰੋਸਾ ਪ੍ਰਗਟਾਉਣ ਦੀ ਜ਼ਰੂਰਤ ਨਹੀਂ ਹੈ, ਬਲਕਿ ਮੈਂ ਰੋਜ਼, ਹਰ ਥਾਂ ਤੋਂ ਲੈਕੇ ਸਕੂਲ ਦੀ ਇਮਾਰਤ ਤੱਕ ਭਰੋਸਾ ਕਰਦੀ ਹਾਂ। | ਇੱਕ ਵੋਟਰ ਵਜੋਂ ਆਪਣੀ ਸਰਕਾਰ ਦੇ ਅੰਦਰ ਚੋਣ ਕਰਨ ਅਤੇ ਤਬਦੀਲੀ ਲਿਆਉਣ ਦਾ ਹੱਕ ਸਾਡੇ ਕੋਲ ਸਭ ਤੋਂ ਵੱਡਾ ਹੱਕ ਹੈ। ਮੈਂ ਇਹ ਯਕੀਨੀ ਬਣਾਉਣ ਲਈ ਕੰਮ ਕਰਾਂਗੀ ਕਿ ਹਰ ਇੱਕ ਵੋਟਰ ਬਿਨਾ ਕਿਸੇ ਦਖ਼ਲਅੰਦਾਜ਼ੀ ਦੇ ਆਪਣੀ ਵੋਟ-ਪਰਚੀ ਤੱਕ ਪਹੁੰਚ ਕਰ ਸਕੇ ਅਤੇ ਖ਼ਾਸ ਹਿੱਤਾਂ ਦੀ ਤਾਕਤ ਨੂੰ ਸੀਮਤ ਕਰ ਸਕੇ। |

# ਸਿਟੀ ਕੌਂਸਲ ਡਿਸਟ੍ਰਿਕਟ 23

**ਲੋਕਰਾਜੀ**

- ਲਿੰਡਾ ਲੀ (Linda Lee)

**ਰਿਪਬਲਿਕਨ, ਕੰਜ਼ਰਵੇਟਿਵ, ਕਾੱਮਨ ਸੈਂਸ, ਮੈਡੀਕਲ ਫ੍ਰੀਡਮ ਪਾਰਟੀ, ਪੇਰੇਂਟ ਪਾਰਟੀ**

- ਬਰਨਾਰਡ ਚੋਅ (Bernard Chow)

ਜੇ ਇੱਕ ਉਮੀਦਵਾਰ **NYC** ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ।
ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਲਿੰਡਾ ਲੀ (Linda Lee)

ਲੋਕਰਾਜੀ

**ਮੁੱਖ 3 ਮਸਲੇ:**

1. ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਬਣਾਉਣਾ।
2. ਉੱਚ-ਮਿਆਰੀ ਸਿੱਖਿਆ ਤੱਕ ਪਹੁੰਚ ਵਧਾਉਣੀ।
3. ਆਪਣੀ ਜ਼ਿੰਦਗੀ ਦੇ ਮਿਆਰ ਨੂੰ ਬਿਹਤਰ ਬਣਾਉਣਾ।

*"ਮੈਨੂੰ ਈਸਟਰਨ ਕੁਈਨਜ਼ ਦੀ ਨੁਮਾਇੰਦਗੀ ਕਰਨ 'ਤੇ ਮਾਣ ਹੈ -- ਇਹ ਮਜ਼ਦੂਰ-ਸ਼੍ਰੇਣੀ ਦੇ ਵੰਨ-ਸੁਵੰਨੇ ਪਰਿਵਾਰਾਂ, ਛੋਟੇ ਕਾਰੋਬਾਰੀ ਮਾਲਕਾਂ, ਨੌਜਵਾਨ ਪੇਸ਼ੇਵਰਾਂ, ਅਤੇ ਕਈ ਬਜ਼ੁਰਗਾਂ ਦਾ ਘਰ ਹੈ। ਪਰ ਸਾਡੀਆਂ ਸਮੱਸਿਆਵਾਂ ਹਨ, ਜਿਹਨਾਂ ਲਈ ਅਸਲ ਅਤੇ ਚੌਕਸ ਲੀਡਰਸ਼ਿਪ ਦੀ ਲੋੜ ਹੈ। ਜਾਇਦਾਦ ਟੈਕਸ ਵਧ ਰਹੇ ਹਨ, ਛੋਟੇ ਕਾਰੋਬਾਰ ਜੂਝ ਰਹੇ ਹਨ ਅਤੇ ਆਪਣੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨਾ ਪੈਣਾ ਹੈ। ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਥਾਨਕ ਪੱਧਰ 'ਤੇ ਅਸੀਂ ਜਿਹੜੇ ਮਸਲੇ ਹੱਲ ਕਰ ਰਹੇ ਹਾਂ, ਉਹਨਾਂ ਵਿੱਚ ਭਾਈਚਾਰੇ ਦੀਆਂ ਅਵਾਜ਼ਾਂ ਸਭ ਤੋਂ ਅੱਗੇ ਹੋਣ। ਜਦੋਂ ਤੋਂ ਮੈਂ ਦਫ਼ਤਰ ਸੰਭਾਲਿਆ ਹੈ, ਮੈਂ ਕਾਨੂੰਨ ਅਤੇ ਰਕਮਾਂ ਦੇਣ ਦਾ ਕੰਮ ਅੱਗੇ ਵਧਾਉਣ ਲਈ ਇੰਜ ਕੀਤਾ ਹੈ, ਇਸ ਨਾਲ ਸਾਡੇ ਭਾਈਚਾਰਿਆਂ 'ਤੇ ਸਿੱਧਾ ਅਤੇ ਉਸਾਰੂ ਅਸਰ ਪਏਗਾ, ਇਸਦੇ ਨਾਲ ਹੀ ਸਾਡੀ ਸੁਰੱਖਿਆ ਹੋਏਗੀ ਅਤੇ ਸਾਡੀ ਜ਼ਿੰਦਗੀ ਦਾ ਮਿਆਰ ਬਿਹਤਰ ਹੋਏਗਾ।*

**ਮੌਜੂਦਾ ਕੰਮ-ਧੰਦਾ:** ਕੌਂਸਲਮੈਂਬਰ

**ਪਿਛਲਾ ਕੰਮ-ਧੰਦਾ:** KCS ਦੇ ਐਗਜ਼ੀਕਿਊਟਿਵ ਡਾਇਰੈਕਟਰ

**ਸਿੱਖਿਆ:** BA ਬਰਨਾਰਡ; MSW ਕੋਲੰਬੀਆ

**ਸੰਸਥਾਗਤ ਸਬੰਧ:** PS203, NVCC

**ਪਹਿਲਾਂ ਦਾ ਸਰਕਾਰੀ ਅਨੁਭਵ:** ਭਾਈਚਾਰਕ ਕੌਂਸਲ ਨੰਬਰ 11, ਸਾਬਕਾ NYCCEC ਨੁਮਾਇੰਦਾ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਬਰਨਾਰਡ ਚੋਅ (Bernard Chow)

ਰਿਪਬਲਿਕਨ, ਕੰਜ਼ਰਵੇਟਿਵ, ਕੱਾਮਨ ਸੈਂਸ, ਮੈਡੀਕਲ ਫ੍ਰੀਡਮ ਪਾਰਟੀ, ਪੇਰੇਂਟ ਪਾਰਟੀ

**ਮੁੱਖ 3 ਮੁੱਦੇ:**

1. ਜਨਤਕ ਸੁਰੱਖਿਆ ਦੀ ਰਾਖੀ ਕਰਨਾ
2. ਮਿਆਰੀ ਪੜ੍ਹਾਈ ਯਕੀਨੀ ਬਣਾਉਣਾ
3. ਸਥਾਨ ਕਾਨੂੰਨ 97 ਨਹੀਂ

*"ਮੈਂ ਮਿਨੀਸੋਟਾ ਵਿੱਚ ਕਾੱਲਿਜ ਲਈ ਅਮਰੀਕਾ ਆਈ ਸੀ ਅਤੇ ਫਿਰ ਨਿਊਯਾੱਰਕ ਹੀ ਮੇਰਾ ਘਰ ਬਣ ਗਿਆ ਹੈ। 20 ਸਾਲਾਂ ਤੋਂ, ਮੈਂ ਭਾਈਚਾਰੇ ਦੀ ਮਦਦ ਕਰਨ ਲਈ ਮਿਹਨਤ ਕਰ ਰਹੀ ਹਾਂ।*

*ਨਿਊਯਾੱਰਕ ਵਿੱਚ ਕੀ ਚੱਲ ਰਿਹਾ ਹੈ, ਬਾਰੇ ਮੈਂ ਫ਼ਿਕਰਮੰਦ ਹਾਂ। ਸਭਿਆਚਾਰ ਸਾਵੇਂਪਣ ਬਾਰੇ ਗੱਲ ਕਰਦਾ ਹੈ ਅਤੇ ਇੱਥੇ ਅਸੀਂ ਉਸ ਨੂੰ ਖੁੰਝਾ ਲਿਆ ਹੈ। ਇੰਜ ਲੱਗਦਾ ਹੈ ਕਿ ਆਮ ਲੋਕਾਂ ਦੇ ਮੁਕਾਬਲੇ ਮੁਜਰਿਮਾਂ 'ਤੇ ਜ਼ਿਆਦਾ ਧਿਆਨ ਦਿੱਤਾ ਜਾ ਰਿਹਾ ਹੈ, ਜੋ ਕਿ ਸਹੀ ਗੱਲ ਨਹੀਂ ਹੈ। ਇੰਜ ਸਮੱਸਿਆਵਾਂ ਹੋ ਰਹੀਆਂ ਹਨ ਅਤੇ NYC ਦੀਆਂ ਸੜਕਾਂ ਅਤੇ ਸਬਵੇਆਂ ਵਿੱਚ ਸਾਡੇ ਨਾਗਰਿਕਾਂ ਦੀ ਜਨਤਕ ਸੁਰੱਖਿਆ 'ਤੇ ਅਸਰ ਪੈ ਰਿਹਾ ਹੈ।*

*ਸਾਨੂੰ ਨਿਊਯਾੱਰਕ ਸਿਟੀ ਦੀ ਲੀਡਰਸ਼ਿਪ ਵਿਚਲੇ ਇਸ ਅਸਾਵੇਂਪਣ ਨੂੰ ਠੀਕ ਕਰਨਾ ਚਾਹੀਦਾ ਹੈ।*

*ਇਸ ਦਾ ਮੁਕਾਬਲਾ ਕਰਨ ਲਈ ਮੇਰੇ ਨਾਲ ਸ਼ਾਮਿਲ ਹੋਵੋ। ਮਿਲਕੇ, ਅਸੀਂ ਵਾਕਈ ਕੁਝ-ਕੁ ਤਬਦੀਲੀ ਕਰ ਸਕਦੇ ਹਾਂ।"*

**ਮੌਜੂਦਾ ਕੰਮ-ਧੰਦਾ:** ਭਾਈਚਾਰਕ ਤਾਲਮੇਲ

**ਪਿਛਲਾ ਕੰਮ-ਧੰਦਾ:** ਮਾਰਕੀਟਿੰਗ ਸਲਾਹਕਾਰ

**ਸਿੱਖਿਆ:** ਭੌਤਿਕ ਅਤੇ ਕੰਪਿਊਟਰ ਸਾਇੰਸ ਵਿੱਚ ਬੈਚਲਰ ਡਿਗ੍ਰੀ

**ਸੰਸਥਾਗਤ ਸਬੰਧ:** ਲਾੱਇਨ ਕਲੱਬ, ਨਿਊਯਾੱਰਕ ਕਮਿਊਨਿਟੀ ਲੀਗ,

**ਪਹਿਲਾਂ ਦਾ ਸਰਕਾਰੀ ਅਨੁਭਵ:** ਨਿਊਯਾੱਰਕ ਸਟੇਟ GOP ਸੈਨੇਟ ਲਈ ਭਾਈਚਾਰਕ ਤਾਲਮੇਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਕੰਜ਼ਰਵੇਟਿਵ

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ?**
**ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ**
**punjabi.nycvotes.org/plan-your-ballot 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਲਿੰਡਾ ਲੀ (Linda Lee)** ✓<br>ਲੋਕਰਾਜੀ | **ਬਰਨਾਰਡ ਚੋਅ (Bernard Chow)** ✓<br>ਰਿਪਬਲਿਕਨ, ਕੰਜ਼ਰਵੇਟਿਵ, ਕੱਮਨ ਸੈਂਸ, ਮੈਡੀਕਲ ਫ੍ਰੀਡਮ ਪਾਰਟੀ, ਪੇਰੇਂਟ ਪਾਰਟੀ |
|---|---|---|
| **ਅਪਰਾਧ** | ਮੈਂ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਨਾਲ ਸਾਡੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਪੂਰੀ ਤਰ੍ਹਾਂ ਫੰਡ ਦੇਣ ਦੀ ਪੱਕੀ ਸਮਰਥਕ ਹਾਂ। ਸਾਨੂੰ ਸਭ ਤੋਂ ਪਹਿਲਾਂ ਆਪਣੀਆਂ ਸੜਕਾਂ ਤੋਂ ਬੰਦੂਕਾਂ ਹਟਾ ਕੇ, ਮਾਨਸਿਕ ਸਿਹਤ ਸੰਕਟ ਨੂੰ ਹੱਲ ਕਰਨ, ਅਤੇ ਨਫ਼ਰਤ ਅਤੇ ਪੱਖਪਾਤੀ ਅਪਰਾਧਾਂ ਵਿੱਚ ਵਾਧੇ 'ਤੇ ਹਮਲਾ ਕਰਕੇ ਅਪਰਾਧ ਨੂੰ ਘਟਾਉਣ ਦੀ ਲੋੜ ਹੈ। | ਇਸ ਸਮੇਂ ਦੀਆਂ ਪਾੱਲਿਸੀਆਂ ਕਰਕੇ NYPD ਦੀ ਘਾਟ ਕਰਕੇ ਜੁਰਮ ਵਧਣ ਕਰਕੇ NYC ਦੀ ਜਨਤਕ ਸੁਰੱਖਿਆ ਵਿੱਚ ਨਿਘਾਰ ਆਇਆ ਹੈ। ਸਾਨੂੰ ਸਤਿਕਾਰ, ਨੈਤਿਕਤਾ ਅਤੇ ਪੁਲਿਸ ਦੀ ਭੂਮਿਕਾ ਨਾਲ ਜੁੜੀ ਜਾਗਰੂਕਤਾ ਨੂੰ ਫ਼ੌਰੀ ਤੌਰ 'ਤੇ ਬਣਾਈ ਰੱਖਣ ਦੀ ਲੋੜ ਹੈ, ਇਸ ਵਿੱਚ ਜ਼ਮਾਨਤ ਸੁਧਾਰ ਅਤੇ DA ਦੀ ਨਿਗਰਾਨੀ ਨੂੰ ਖ਼ਤਮ ਕਰਨਾ ਸ਼ਾਮਿਲ ਹੈ। |
| **ਮਹਿੰਗਾਈ** | ਜਦੋਂ ਕਿ ਮਹਿੰਗਾਈ ਨਾਲ ਨਜਿੱਠਣ ਲਈ ਮੁੱਖ ਤੌਰ 'ਤੇ ਫੈਡਰਲ ਪੱਧਰ 'ਤੇ ਨਿਪਟਿਆ ਜਾਂਦਾ ਹੈ, ਸਾਨੂੰ ਘੱਟ ਅਤੇ ਮੱਧ-ਆਮਦਨੀ ਵਾਲੇ ਪਰਿਵਾਰ, ਜੋ ਗੈਸ ਅਤੇ ਕਰਿਆਨੇ ਦੀਆਂ ਵਧਦੀਆਂ ਕੀਮਤਾਂ ਨਾਲ ਨਜਿੱਠ ਰਹੇ ਹਨ, ਦੀ ਮਦਦ ਕਰਨ ਲਈ ਸਭ ਕੁਝ ਕਰਨਾ ਚਾਹੀਦਾ ਹੈ। ਸਾਨੂੰ ਕੀਮਤਾਂ ਵਿੱਚ ਵਾਧੇ ਲਈ ਕੰਪਨੀਆਂ ਅਤੇ ਉਪਯੋਗਤਾਵਾਂ ਦੇ ਪ੍ਰਦਾਤਾਵਾਂ ਨੂੰ ਵੀ ਜਵਾਬਦੇਹ ਰੱਖਣਾ ਚਾਹੀਦਾ ਹੈ। | ਮਹਿੰਗਾਈ ਇੱਕ ਵਿਸ਼ਵਿਆਪੀ ਮਸਲਾ ਹੈ। ਸਥਾਨਕ ਤੌਰ 'ਤੇ, ਸਾਨੂੰ ਸਥਾਨਕ ਛੋਟੇ ਕਾਰੋਬਾਰਾਂ ਨੂੰ ਉਤਸਾਹ ਦੇਣਾ ਚਾਹੀਦਾ ਹੈ। ਸਾਨੂੰ ਸਥਾਨਕ ਪੱਧਰ 'ਤੇ ਖ਼ਰਚ ਕਰਨ ਵਾਲੇ ਉਹਨਾਂ ਜ਼ਰੂਰਤਮੰਦ ਲੋਕਾਂ ਦੀ ਵੀ ਪੈਸਿਆਂ ਨਾਲ ਮਦਦ ਕਰਨ ਦੀ ਲੋੜ ਹੈ, ਜਿਸ ਨਾਲ ਸਥਾਨਕ ਪਰਿਵਾਰ ਨੂੰ ਮਦਦ ਮਿਲਦੀ ਹੈ। |
| **ਲੋਕਰਾਜ ਦੀ ਰਾਖੀ ਕਰਨਾ** | 6 ਜਨਵਰੀ ਨੇ ਸਾਨੂੰ ਦਿਖਾਇਆ ਕਿ ਸਾਡਾ ਲੋਕਤੰਤਰ ਕਿੰਨਾ ਨਾਜ਼ੁਕ ਹੈ। ਸਾਨੂੰ ਬੈਲਟ ਬਾਕਸ ਤੱਕ ਪਹੁੰਚ ਦਾ ਵਿਸਤਾਰ ਕਰਨ ਦੀ ਲੋੜ ਹੈ, ਲੋਕਾਂ ਲਈ - ਜਲਦੀ, ਡਾਕ ਰਾਹੀਂ, ਜਾਂ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ ਦੇ ਨਾਲ ਚੋਣਾਂ ਵਾਲੇ ਦਿਨ ਆਪਣੀ ਪਸੰਦੀਦਾ ਤਰੀਕੇ ਨਾਲ ਵੋਟ ਪਾਉਣਾ ਆਸਾਨ ਬਣਾਉਣਾ ਚਾਹੀਦਾ ਹੈ। | ਸਾਨੂੰ NYC ਅਤੇ ਰਾਸ਼ਟਰ ਵਿੱਚ ਲੋਕਰਾਜੀ ਅਤੇ ਮੁਕਤ ਭਵਿੱਖ ਲਈ ਜ਼ੋਰਦਾਰ ਸਿਵਿਕ ਪੜ੍ਹਾਈ ਰਾਹੀਂ ਸੂਚਿਤ, ਵੰਨ-ਸੁਵੰਨੀ ਅਤੇ ਜ਼ਿੰਮੇਵਾਰ ਨੌਜਵਾਨ ਤਿਆਰ ਕਰਨ ਦੀ ਲੋੜ ਹੈ। ਬੋਲਣ ਦੀ ਅਜ਼ਾਦੀ ਅਮਰੀਕਾ ਦਾ ਹਿੱਸਾ ਹੈ |

# ਸਿਟੀ ਕੌਂਸਲ ਡਿਸਟ੍ਰਿਕਟ 24

**ਲੋਕਰਾਜੀ**

- ਜੇਮਸ F ਗੈਨਾਰੋ (James F Gennaro)

**ਰਿਪਬਲਿਕਨ, ਕੰਜ਼ਰਵੇਟਿਵ, ਮੈਡ ਐਜ਼ ਹੈਲ, ਮੈਡੀਕਲ ਫ੍ਰੀਡਮ ਪਾਰਟੀ, ਪੇਰੇਂਟ ਪਾਰਟੀ**

- ਜੋਨਾਥਨ ਡੇਵਿਡ ਰਿਨਾਲਡੀ (Jonathan David Rinaldi)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਜੇਮਸ F ਗੈਨਾਰੋ (James F Gennaro)

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਵਿੱਚ ਸੁਧਾਰ ਕਰਨਾ
2. NYC ਪਬਲਿਕ ਸਕੂਲਾਂ ਵਿੱਚ ਸੁਧਾਰ ਕਰਨਾ
3. ਜੀਵਨ ਦੇ ਮਿਆਰ ਵਿੱਚ ਸੁਧਾਰ ਕਰਨਾ

*"ਇਸ ਮੁਕਾਬਲੇ ਵਿੱਚ ਕਿਸੇ ਵੀ ਉਮੀਦਵਾਰ ਕੋਲ ਵਸਨੀਕਾਂ ਦੀ ਸੇਵਾ ਕਰਨ ਦਾ ਰਿਕਾੱਰਡ ਅਤੇ 24ਵੀਂ ਡਿਸਟ੍ਰਿਕਟ ਵਿਚਲੇ ਹਰ ਚੋਣ-ਹਲਕੇ ਦੀ ਮੇਰੀ ਜਾਣਕਾਰੀ ਨਹੀਂ ਹੈ।th District. ਮੇਰੀ ਪ੍ਰਾਪਤੀ ਦੇ ਜਾਂਚੇ-ਪਰਖੇ ਰਿਕਾੱਰਡ ਅਤੇ ਮੇਰੇ ਅਨੁਭਵ ਵਿੱਚ ਫ਼ਰਕ ਹੈ।"*

**ਮੌਜੂਦਾ ਕੰਮ-ਧੰਦਾ:** NYC ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਡਿਪਟੀ ਕਮਿਸ਼ਨਰ, NYS DEC, 2014-2020 NYC ਕੌਂਸਲ ਮੈਂਬਰ 2002-2013 ਕੁਈਨਸ ਕਾੱਲਿਜ ਵਿੱਚ ਸਹਾਇਕ ਪ੍ਰੋਫ਼ੈਸਰ 1996-2003

**ਪੜ੍ਹਾਈ:** BA, ਜਿਓਲਾੱਜੀ, & MS, ਪਬਲਿਕ ਐਡਮਿਨਿਸਟ੍ਰੇਸ਼ਨ, SUNY ਸਟੋਨੀ ਬਰੂਕ

**ਸੰਸਥਾਗਤ ਸਬੰਧ:** ਇਹਨਾਂ ਵਲੋਂ ਪੁਸ਼ਟੀ ਕੀਤੀ ਗਈ: ਡੈਮੋਕ੍ਰੈਟਿਕ ਆੱਰਗੇਨਾਈਜ਼ੇਸ਼ਨ ਆੱਫ਼ ਕੁਈਨਸ ਕਾਉਂਟੀ, U.S. ਪ੍ਰਤੀਨਿਧ: ਗ੍ਰੈਗਰੀ ਮੀਕਸ ਅਤੇ ਗ੍ਰੇਸ ਮੈਂਗ, ਬਰੋ ਦੇ ਪ੍ਰਧਾਨ ਡੋਨੋਵਨ ਰਿਚਰਡਸ, ਸਟੇਟ ਸੈਨੇਟਰ: ਜੋਸਫ਼ ਅਡਾਬੋ, ਲੈਰੌਇ ਕੌਮਰੀ, ਜੌਨ ਲਿਊ, ਟੋਬੀ ਸਟਾਵਿਸਕੀ, ਰਾਜ ਵਿਧਾਨ ਸਭਾ ਦੇ ਮੈਂਬਰ: ਐਂਡ੍ਰਿਊ ਹੈਵੇਸੀ, ਡੈਨੀਅਕ ਰੋਜ਼ਨਥਾਲ, ਨਿਲੀ ਰੋਜ਼ਿਕ, ਡੇਵਿਡ ਵੈਪ੍ਰਿਨ, ਮੇਸਨ ਟੈਂਡਰਸ ਡਿਸਟ੍ਰਿਕਟ ਕੌਂਸਲ

**ਪਹਿਲਾਂ ਦਾ ਸਰਕਾਰੀ ਅਨੁਭਵ:** ਕੌਂਸਲ ਮੈਂਬਰ 2002-2013

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਜੋਨਾਥਨ ਡੇਵਿਡ ਰਿਨਾਲਡੀ (Jonathan David Rinaldi)

ਰਿਪਬਲਿਕਨ, ਕੰਜ਼ਰਵੇਟਿਵ, ਮੈਡ ਐਜ਼ ਹੈਲ, ਮੈਡੀਕਲ ਫ੍ਰੀਡਮ ਪਾਰਟੀ, ਪੇਰੇਂਟ ਪਾਰਟੀ

**ਮੁੱਖ 3 ਮਸਲੇ:**

1. ਰੱਦ ਕਰੋ ਸਥਾਨਕ ਕਾਨੂੰਨ 97
2. ਸੈਕਸ਼ਨ 9 ਸਰਕਾਰੀ ਰਿਹਾਇਸ਼ ਬਚਾਓ
3. ਅਪਰਾਧ ਅਤੇ ਸੁਰੱਖਿਅਤ ਗਲੀਆਂ

*“ਜਵਾਬਦੇਹੀ ਅਤੇ ਪਾਰਦਰਸ਼ਤਾ। ਉਹਨਾਂ ਨੇ ਸਾਨੂੰ ਸਾਰਿਆਂ ਨੂੰ ਵੇਚ ਦਿੱਤਾ ਹੈ। ਉਹ ਪ੍ਰਵਾਸੀਆਂ ਨੂੰ ਲਿਆ ਰਹੇ ਹਨ ਅਤੇ ਉਹਨਾਂ ਨੂੰ ਕਿਰਾਏ, ਸਕੂਲ ਅਤੇ ਦਵਾਈ ਲਈ ਸਭ ਕੁਝ ਮੁਫ਼ਤ ਦੇ ਰਹੇ ਹਨ, ਜਦਕਿ ਅਜਿਹੀਆਂ ਪਾੱਲਿਸੀਆਂ ਬਣਾ ਰਹੇ ਹਨ, ਜਿਸ ਨਾਲ ਕੁਈਨਸ ਵਿੱਚ ਰਹਿਣਾ ਅਤੇ ਪਰਿਵਾਰਾਂ ਦੀ ਗੁਜਰ-ਬਸਰ ਕਰਨੀ ਮੁਸ਼ਕਿਲ ਹੋ ਜਾਏਗੀ। ਸਮਾਂ ਆ ਗਿਆ ਹੈ ਕਿ ਟੈਕਸ ਦੇਣ ਵਾਲੇ ਸੰਘਟਕ ਸ਼ਹਿਰ ਦਾ ਬਜਟ ਬਰਬਾਦ ਹੋਣ ਤੋਂ ਪਹਿਲਾਂ ਆਪਣੀਆਂ ਸਮਾਜਕ ਸੇਵਾਵਾਂ ਦੀ ਰਾਖੀ ਕਰ ਲੈਣ, ਨਹੀਂ ਤਾਂ ਸਾਡੇ ਕੋਲ ਕੁਝ ਵੀ ਨਹੀਂ ਬਚੇਗਾ।”*

**ਮੌਜੂਦਾ ਕੰਮ-ਧੰਦਾ:** ਰੀਅਲ-ਐਸਟੇਟ

**ਪਿਛਲਾ ਕੰਮ-ਧੰਦਾ:** ਉਸਾਰੀ

**ਪੜ੍ਹਾਈ:** CCNY ਬੈਚਲਰਸ ਆਰਕੀਟੈਕਚਰ

**ਸੰਸਥਾਗਤ ਸਬੰਧ:** ਪੂਰੀ ਉਮੀਦ ਨਾਲ ਸਾਰੇ

**ਪਹਿਲਾਂ ਦਾ ਸਰਕਾਰੀ ਅਨੁਭਵ:** ਵਿਦਿਆਰਥੀ ਸਰਕਾਰ ਦਾ ਪ੍ਰੈਜ਼ੀਡੈਂਟ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਜੇਮਸ F ਗੈਨਾਰੋ (James F Gennaro)** ✓<br>ਲੋਕਰਾਜੀ | **ਜੋਨਾਥਨ ਡੇਵਿਡ ਰਿਨਾਲਡੀ (Jonathan David Rinaldi)** ✓<br>ਰਿਪਬਲਿਕਨ, ਕੰਜ਼ਰਵੇਟਿਵ, ਮੈਡ ਐਜ਼ ਹੈਲ, ਮੈਡੀਕਲ ਫ੍ਰੀਡਮ ਪਾਰਟੀ, ਪੇਰੇਂਟ ਪਾਰਟੀ |
|---|---|---|
| **ਅਪਰਾਧ** | ਹਰੇਕ ਸਾਲ ਮੈਂ ਆਪਣੀ ਡਿਸਟ੍ਰਿਕਟ ਵਿੱਚ ਸਪਲੀਮੈਂਟਰੀ ਪੁਲਿਸ ਕੈਮਰਿਆਂ ਵਾਸਤੇ ਫ਼ੰਡ ਦਿੰਦਾ ਹਾਂ। ਨਿਊਯਾਰਕ ਇਕੋ-ਇੱਕ ਅਜਿਹੀ ਸਟੇਟ ਹੈ, ਜਿਸ ਦੇ ਜੱਜ ਬਚਾਅ ਪੱਖ ਵਿੱਚ ਖ਼ਤਰਨਾਕ ਵਜੋਂ ਵਿਚਾਰ ਨਹੀਂ ਕਰ ਸਕਦੇ। ਮੇਅਰ ਐਡਮਸ ਅਤੇ ਮੈਂ, ਆਪਣੇ ਜਨਤਕ ਸੁਰੱਖਿਆ ਸੰਕਟ ਦਾ ਮੁਕਾਬਲਾ ਕਰਨ ਲਈ ਇੱਕ "ਖ਼ਤਰੇ ਦੇ ਜੋਖਮ ਦੇ ਪੱਧਰ ਦੇ ਮਿਆਰ" ਸਥਾਪਤ ਕਰਨ ਵਾਸਤੇ ਅਲਬਾਨੀ ਨੂੰ ਬੁਲਾਰਾ ਦੇ ਰਹੇ ਹਾਂ। | ਸੜਕਾਂ ਬੱਚਿਆਂ ਲਈ ਸੁਰੱਖਿਅਤ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਇੱਕ ਅਜਿਹਾ ਵਾਤਾਵਰਣ ਹੋਵੇ ਜਿਸ ਵਿੱਚ ਉਹ ਵਧ-ਫੁੱਲ ਸਕਣ। ਛੋਟੇ ਕਾਰੋਬਾਰ ਬਚਾਉਣੇ। ਕਾਰਾਂ ਦੀ ਚੋਰੀ ਅਤੇ ਘਰ ਵਿਚਲੇ ਹਮਲਿਆਂ 'ਤੇ ਰੋਕ ਲਾਉਣ ਲਈ ਸੜਕਾਂ 'ਤੇ ਹੋਰ ਪੁਲਿਸ ਤਾਇਨਾਤ ਹੋਣੀ ਚਾਹੀਦੀ ਹੈ |
| **ਮਹਿੰਗਾਈ** | ਜਿਵੇਂ ਕਿ ਮਹਿੰਗਾਈ ਰਾਸ਼ਟਰੀ ਪੱਧਰ 'ਤੇ ਵੱਧ ਰਹੀ ਹੈ, ਮੈਂ ਇਹ ਯਕੀਨੀ ਬਣਾਉਣ ਲਈ ਸਥਾਨਕ ਪੱਧਰ 'ਤੇ ਧਿਆਨ ਦੇ ਰਿਹਾ ਹਾਂ ਕਿ ਸ਼ਹਿਰ ਦੇ ਸਰਕਾਰੀ ਅਤੇ ਨਿੱਜੀ ਖੇਤਰ ਦੇ ਮੁਲਾਜ਼ਮਾਂ ਨੂੰ ਢੁਕਵੇਂ ਠੇਕੇ ਮਿਲਣ। ਮੈਂ ਪਿਛਲੇ ਸਾਲਾਂ ਵਿੱਚ ਸਥਾਪਿਤ ਕੀਤੇ ਬਹੁਤ ਸਾਰੇ ਵਾਤਾਵਰਣ ਸਬੰਧੀ ਕਾਨੂੰਨਾਂ ਰਾਹੀਂ ਸ਼ਹਿਰ ਵਿੱਚ ਕਿਸੇ ਵੀ ਚੁਣੇ ਗਏ ਅਧਿਕਾਰੀ ਨਾਲੋਂ ਵੱਧ ਵਾਤਾਵਰਣ-ਪੱਖੀ ਨੌਕਰੀਆਂ ਤਿਆਰ ਕੀਤੀਆਂ ਹਨ। | ਕੰਜੈਸ਼ਨ ਫ਼ੀਸ ਲਾਉਣਾ ਇੱਕ ਵੱਡਾ ਮੁੱਦਾ ਹੈ, ਮੈਨਹਟਨ ਵਿੱਚ ਦਾਖ਼ਲ ਹੋਣ ਲਈ ਸਾਨੂੰ 23 ਡਾੱਲਰ ਭਰਨੇ ਪੈਂਦੇ ਹਨ, ਜਿੱਥੇ ਵਸਤਾਂ ਅਤੇ ਸੇਵਾਵਾਂ ਦੀ ਡਿਲੀਵਰੀ ਦੇਣ ਵਾਲੀਆਂ ਕਮਰਸ਼ੀਅਲ ਗੱਡੀਆਂ ਨੂੰ ਦੁਗੁਣੀ ਲਾਗਤ ਦੇਣੀ ਪੈਂਦੀ ਹੈ, ਇਸ ਨਾਲ ਸਾਰੀਆਂ ਚੀਜ਼ਾਂ ਹੋਰ ਮਹਿੰਗੀਆਂ ਹੋ ਜਾਣਗੀਆਂ। |
| **ਲੋਕਰਾਜ ਦੀ ਰਾਖੀ ਕਰਨਾ** | ਨਿਊਯਾਰਕ ਵਾਸੀਆਂ ਲਈ ਵੋਟ ਪਾਉਣ ਦੇ ਮੌਕਿਆਂ ਨੂੰ ਵਧਾਕੇ ਅਤੇ ਨਵੇਂ ਤਰੀਕਿਆਂ ਨਾਲ ਆਪਣੀ ਵੋਟਿੰਗ ਦੀ ਤਾਕਤ ਦੀ ਵਰਤੋਂ ਕਰਕੇ ਲੋਕਰਾਜ ਨੂੰ ਸੁਰੱਖਿਅਤ ਕੀਤਾ ਜਾਂਦਾ ਹੈ ਅਤੇ ਵਧਾਇਆ ਜਾਂਦਾ ਹੈ। NYC ਵਿੱਚ ਵਿਆਪਕ ਅਗਾਊਂ ਵੋਟਿੰਗ ਹੁੰਦੀ ਹੈ ਅਤੇ ਅੱਤ-ਪੱਛੜੇ ਭਾਈਚਾਰਿਆਂ ਦੇ ਉਮੀਦਵਾਰਾਂ ਨੂੰ ਤਾਕਤ ਦੇਣ ਵਾਸਤੇ ਤਰਜੀਹੀ ਵੋਟਿੰਗ ਨੂੰ ਲਾਗੂ ਕੀਤਾ ਗਿਆ ਹੈ। ਸਾਨੂੰ ਇਸਨੂੰ ਮਾਤਰਾ ਜਾਂ ਅਹਿਮੀਅਤ ਵਜੋਂ ਅਸਾਧਾਰਣ ਬਣਾਉਣ ਦੀ ਲੋੜ ਹੈ | ਅਸੀ ਸੰਵਿਧਾਨਕ ਗਣਰਾਜ ਹਾਂ। ਜੇ ਗੈਰਹਾਜ਼ਰ ਬੈਲਟ ਦੀਆਂ ਅਰਜ਼ੀਆਂ 'ਤੇ ਦਸਤਖ਼ਤ ਕੀਤੇ ਗਏ ਹਨ, ਤਾਂ ਤੁਸੀਂ ਆਪ ਜਾਕੇ ਵੋਟ ਨਹੀਂ ਪਾ ਸਕਦੇ। |

# ਉਮੀਦਵਾਰ ਦੇ ਵੀਡੀਓ ਵੇਖੋ

**ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/candidates 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 25

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਸ਼ੇਖਰ ਕ੍ਰਿਸ਼ਨਨ (Shekar Krishnan)

**ਰਿਪਬਲਿਕਨ, ਮੈਡੀਕਲ ਫਰੀਡਮ**

- ਜ਼ੀਲ ਕਾਓ (Zhile Cao)

**ਵੰਨ-ਸੁਵੰਨਤਾ**

- ਫ਼ਾਤਿਮਾ ਬਰਯਾਬ (Fatima Baryab)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਸ਼ੇਖਰ ਕ੍ਰਿਸ਼ਨਨ (Shekar Krishnan)

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਸਾਰਿਆਂ ਵਾਸਤੇ ਕੁਆਲਿਟੀ ਵਾਲੀ ਸਿਹਤ ਸੰਭਾਲ
2. ਪਾਰਕਾਂ/ਖੁੱਲੀ ਥਾਂ ਦਾ ਪਸਾਰ, ਸੁਧਾਰ ਕਰਨਾ
3. ਮੁਢਲੇ ਬਚਪਨ ਦੀ ਪੜ੍ਹਾਈ ਵਿੱਚ ਪੂੰਜੀ ਲਾਉਣੀ

*"ਤੁਹਾਡੀ ਕੌਂਸਲ ਮੈਂਬਰ ਅਤੇ ਪਹਿਲੀ ਵਾਰੀ NYC ਸਰਕਾਰ ਲਈ ਚੁਣੀ ਗਈ ਪਹਿਲੀ ਭਾਰਤੀ ਅਮਰੀਕਨ ਵਜੋਂ, ਮੈਂ ਉਹਨਾਂ ਸ੍ਰੋਤਾਂ, ਜਿਹਨਾਂ ਦਾ ਹੱਕਦਾਰ ਸਾਡਾ ਭਾਈਚਾਰਾ ਹੈ, ਅਤੇ ਇੱਕ ਅਜਿਹਾ ਸ਼ਹਿਰ, ਜੋ ਸਾਰਿਆਂ ਲਈ ਕੰਮ ਕਰਦਾ ਹੈ, ਲਈ ਸੰਘਰਸ਼ ਕਰਨ ਵਾਸਤੇ ਫਿਰ ਤੋਂ ਚੋਣ ਲੜ ਰਹੀ ਹਾਂ।*

*ਐਲਮਹਰਸਟ ਹਸਪਤਾਲ ਲਈ ਜ਼ਿੰਦਗੀ-ਬਚਾਉ-ਪੂੰਜੀਕਾਰੀ, ਪ੍ਰਵਾਸੀ ਪਰਿਵਾਰਾਂ ਦੀ ਮਦਦ ਲਈ ਨਵੇਂ ਪ੍ਰੋਗਰਾਮ, ਸਾਡੇ ਭਾਈਚਾਰੇ ਲਈ ਪਹਿਲੀ ਪਬਲਿਕ ਡੌਗ ਦੌੜ ਤੋਂ ਲੈਕੇ ਸ਼ਹਿਰ ਦੇ ਇਤਿਹਾਸ ਵਿੱਚ ਪਾਰਕਾਂ ਲਈ ਸਭ ਤੋਂ ਵੱਧ ਬਜਟ ਤੱਕ, ਅਸੀਂ ਜੋ ਕੁਝ ਵੀ ਹਾਸਿਲ ਕੀਤਾ ਹੈ, ਮੈਨੂੰ ਉਸ 'ਤੇ ਮਾਣ ਹੈ।*

*ਇਕੱਠਿਆਂ, ਅਸੀਂ ਇੱਕ ਅਜਿਹਾ ਸ਼ਹਿਰ ਉਸਾਰ ਸਕਦੇ ਹਾਂ, ਜਿੱਥੇ ਸਾਰਿਆਂ ਨੂੰ ਸਿਹਤ-ਸੰਭਾਲ, ਪਾਰਕਾਂ ਅਤੇ ਖੁੱਲ੍ਹੀ ਥਾਂ ਅਤੇ ਜਿੱਥੇ ਕੰਮ ਕਰਨ ਵਾਲੇ ਸਾਰੇ ਪਰਿਵਾਰਾਂ ਨੂੰ ਉਹਨਾਂ ਦੇ ਛੋਟੇ ਬੱਚਿਆਂ ਨੂੰ ਮੁਫ਼ਤ ਸੰਭਾਲ ਮਿਲੇ।*

*ਉਹੀ ਭਵਿੱਖ ਹੈ, ਜਿਸ ਲਈ ਮੈਂ ਸੰਘਰਸ਼ ਕਰਦੀ ਰਹਾਂਗੀ।"*

**ਮੌਜੂਦਾ ਕੰਮ-ਧੰਦਾ:** NYC ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਸਿਵਿਲ ਹੱਕਾਂ ਬਾਰੇ ਵਕੀਲ

**ਸਿੱਖਿਆ:** ਕੂਪਰ ਯੂਨੀਅਨ (ਇੰਜੀਨੀਅਰਿੰਗ), ਮਿਸ਼ੀਗਨ ਯੂਨੀਵਰਸਿਟੀ ਲੱਾਅ ਸਕੂਲ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਕੌਂਸਲ ਮੈਂਬਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਜ਼ੀਲ ਕਾਓ (Zhile Cao)

ਰਿਪਬਲਿਕਨ, ਮੈਡੀਕਲ ਫਰੀਡਮ

**ਮੁੱਖ 3 ਮਸਲੇ:**

1. ਰਿਫ਼ਊਜੀ ਸੰਕਟ
2. ਬੇਘਰੇਪਣ ਦਾ ਸੰਕਟ
3. ਸਾਡੇ ਦੇਸ਼ 'ਤੇ ਕਮਿਊਨਿਜ਼ਮ ਦਾ ਹਮਲਾ

*"ਨਿਊਯਾਰਕ ਨੂੰ ਸਾਡੇ ਇਸ ਸੰਕਟ ਨਾਲ ਨਜਿੱਠਣ ਲਈ ਇੱਕ ਮਜ਼ਬੂਤ ਲੀਡਰਸ਼ਿਪ ਦੀ ਲੋੜ ਹੈ, ਜਿਸ ਨੂੰ ਅਸੀਂ ਆਪਣੇ ਪੂਰੇ ਇਤਿਹਾਸ ਵਿੱਚ ਕਦੀ ਨਹੀਂ ਵੇਖਿਆ ਹੈ ਅਤੇ ਦਫ਼ਤਰ ਵਿੱਚ ਸਾਰੇ ਅਯੋਗ ਅਹੁਦੇਦਾਰਾਂ ਨੂੰ ਵੋਟ ਪਾਈ ਸੀ।"*

**ਮੌਜੂਦਾ ਕੰਮ-ਧੰਦਾ:** MTA ਵਰਕਰ

**ਪਿਛਲਾ ਕੰਮ-ਧੰਦਾ:** MTA ਵਰਕਰ

**ਸਿੱਖਿਆ:** 4 ਸਾਲਾ ਕਾੱਲਿਜ

**ਸੰਸਥਾਗਤ ਸਬੰਧ:** ਰਿਪਬਲਿਕਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਹਾਉਸ ਕਮੇਟੀ ਬੋਰਡ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ



## ਫ਼ਾਤਿਮਾ ਬਰਯਾਬ (Fatima Baryab)

ਵੰਨ-ਸੁਵੰਨਤਾ

**ਮੁੱਖ 3 ਮਸਲੇ:**

1. ਭਾਈਚਾਰਿਆਂ ਦੀ ਜੁਰਮ ਤੋਂ ਰਾਖੀ ਕਰਨੀ
2. ਪਬਲਿਕ ਸਕੂਲਾਂ ਦੀ ਕੁਆਲਿਟੀ ਵਿੱਚ ਸੁਧਾਰ ਕਰਨਾ
3. ਸਾਰਿਆਂ ਲਈ ਆਰਥਿਕ ਮੌਕੇ ਬਣੇ ਰਹਿਣੇ

*"ਮੈਂ ਭਾਈਚਾਰੇ ਦੀ ਹਿਮਾਇਤੀ ਹਾਂ ਅਤੇ ਨੌਨ-ਪ੍ਰੌਫ਼ਿਟ ਲੀਡਰ ਹਾਂ। ਜ਼ਿੰਦਗੀ ਭਰ ਲਈ ਨਿਊਯਾਰਕਰ ਵਜੋਂ, ਮੈਂ ਲੋਕਾਂ ਦੀ ਰੋਜ਼ ਨੁਮਾਇੰਦਗੀ ਕਰਨ ਲਈ ਦਫ਼ਤਰ ਵਾਸਤੇ ਚੋਣ ਲੜ ਰਹੀ ਹਾਂ। ਸਾਡੇ ਸਰੋਕਾਰ ਬਹੁਤਾ ਕਰਕੇ ਅਕਸਰ ਅਣਸੁਣੇ ਰਹਿ ਜਾਂਦੇ ਹਨ। ਸਾਨੂੰ ਉਸ ਨੂੰ ਜ਼ਰੂਰ ਬਦਲਣਾ ਚਾਹੀਦਾ ਹੈ। ਸੁਆਰਥੀ ਹਿੱਤਾਂ ਨੂੰ ਸਾਡੇ ਸ਼ਹਿਰ ਵਿੱਚ ਚੰਗੀ ਜ਼ਿੰਦਗੀ ਬਿਤਾਉਣ ਦੀ ਸਮਰੱਥਾ 'ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ। ਸੁਰੱਖਿਆ, ਸਾਫ਼-ਸਫ਼ਾਈ ਅਤੇ ਵਧੀਆ ਪੜ੍ਹਾਈ ਉਹ ਵਿਸ਼ੇ ਹਨ, ਜਿਹਨਾਂ 'ਤੇ ਧਿਆਨ ਦਿੱਤੇ ਜਾਣ ਦੀ ਲੋੜ ਹੈ। ਅਜੇ ਬਹੁਤ ਕੁਝ ਕਰਨ ਵਾਲਾ ਹੈ। ਮੈਂ ਲੋੜੀਂਦੀਆਂ ਤਬਦੀਲੀਆਂ ਕਰਨ ਦਾ ਵਾਅਦਾ ਕਰਦੀ ਹਾਂ।"*

**ਮੌਜੂਦਾ ਕੰਮ-ਧੰਦਾ:** ਵਿਗਿਆਨੀ

**ਪਿਛਲਾ ਕੰਮ-ਧੰਦਾ:** ਵਿਦਿਆਰਥੀ

**ਸਿੱਖਿਆ:** ਬਾਇਓਲੋਜੀ ਵਿੱਚ ਬੈਚਲਰ'ਸ ਡਿਗ੍ਰੀ, ਸੇਂਟ ਜੌਹਨ'ਸ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਕੋ-ਫ਼ਾਉਂਡਰ ਡਾਇਵਰਸਿਟੀ ਪਲਾਜ਼ਾ; ਕੋ-ਫ਼ਾਉਂਡਰ SUKHI ਨਿਊਯਾਰਕ

**ਪਹਿਲਾਂ ਦਾ ਸਰਕਾਰੀ ਅਨੁਭਵ:** ਭਾਈਚਾਰਕ ਕਾਰਕੁਨ, ਐਡਵੋਕੇਟ ਅਗੇਨਸਟ ਜੈਂਟ੍ਰੀਫ਼ਿਕੇਸ਼ਨ। ਫ਼ਾਤਿਮਾ NYS ਕਾਨੂੰਨੀ-ਮਤੇ J3913 ਦੀ ਸਹਿ-ਲੇਖਕਾ ਹੈ ਅਤੇ NYC ਵਿਚਲੇ ਕਈ ਭਾਈਚਾਰਿਆਂ ਲਈ ਬੁਲਾਰਾ ਹੈ।

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਸ਼ੇਖਰ ਕ੍ਰਿਸ਼ਨਨ (Shekar Krishnan)** ✓<br>ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼ | **ਜ਼ੀਲ ਕਾਓ (Zhile Cao)** ✓<br>ਰਿਪਬਲਿਕਨ, ਮੈਡੀਕਲ ਫਰੀਡਮ |
|---|---|---|
| **ਅਪਰਾਧ** | ਹਰੇਕ ਨੂੰ - ਘਰ ਵਿੱਚ, ਸਬਵੇਅ ਵਿੱਚ, ਜਾਂ ਧਾਰਮਿਕ ਥਾਂ 'ਤੇ - ਸੁਰੱਖਿਅਤ ਮਹਿਸੂਸ ਹੋਣ ਦਾ ਹੱਕ ਹੈ। ਸੁਰੱਖਿਆ, ਸਾਡੀ ਸਰਕਾਰ ਦੀ ਸਭ ਤੋਂ ਮਹੱਤਵਪੂਰਣ ਜ਼ਿੰਮੇਵਾਰੀ ਹੈ। ਸਾਨੂੰ ਮਾਨਸਿਕ ਸਿਹਤ ਅਤੇ ਰਿਹਾਇਸ਼ ਤੋਂ ਭਾਈਚਾਰਕ ਸੈਂਟਰਾਂ ਤੱਕ ਵਿਆਪਕ ਢੰਗ-ਤਰੀਕਿਆਂ ਦੀ ਲੋੜ ਹੈ। ਅਸੀਂ ਭਾਈਚਾਰਿਆਂ ਵਿੱਚ ਛੇਤੀ ਪੂੰਜੀ ਲਾਕੇ ਉਹਨਾਂ ਨੂੰ ਸੁਰੱਖਿਅਤ ਰੱਖਦੇ ਹਾਂ। | ਕਮਜ਼ੋਰ ਲੀਡਰਸ਼ਿਪ ਕਰਕੇ ਸ਼ਹਿਰ ਵਿਚਲੇ ਜੁਰਮ ਵਿੱਚ ਵਾਧਾ ਹੁੰਦਾ ਹੈ। ਮੇਅਰ ਅਤੇ ਅਹੁਦੇਦਾਰ ਕਮਜ਼ੋਰ ਹਨ ਅਤੇ ਅੱਤ ਦੇ ਤਰੱਕੀਪਸੰਦ ਡੈਮੋਕ੍ਰੈਟ ਦੀ ਗੱਲ ਬਹੁਤ ਜ਼ਿਆਦਾ ਸੁਣਦੇ ਹਨ। ਸਾਨੂੰ ਆਪਣਾ ਕੰਮ ਆਪਣੇ ਆਪ ਕਰਨਾ ਪਏਗਾ ਅਤੇ ਵਿਹਾਰਕ ਸਮਝ ਵਲ ਪਰਤਣਾ ਪਏਗਾ। |
| **ਮਹਿੰਗਾਈ** | ਜਦੋਂ ਹਰੇਕ ਨਿਊ ਯਾਰਕ ਵਾਸੀ ਕੋਲ, ਉਹਨਾਂ ਦੇ ਪਰਿਵਾਰ ਅਤੇ ਉਹਨਾਂ ਦੇ ਗੁਆਂਢਚਾਰੇ ਕੋਲ ਖ਼ੁਸ਼ਹਾਲ ਹੋਣ ਲਈ ਸ੍ਰੋਤ ਉਪਲਬਧ ਹੁੰਦੇ ਹਨ, ਤਾਂ ਸਾਡਾ ਅਰਥਚਾਰਾ ਵੀ ਖ਼ੁਸ਼ਹਾਲ ਹੁੰਦਾ ਹੈ। ਮਹਿੰਗਾਈ ਨਾਲ ਨਜਿੱਠਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਇੱਕ ਅਜਿਹਾ ਸ਼ਹਿਰ ਬਣਾਉਣਾ ਹੈ, ਜਿੱਥੇ ਹਰ ਕਿਸੇ ਨੂੰ ਸਤਿਕਾਰ ਵਾਲੀ ਤਨਖ਼ਾਹ ਮਿਲਦੀ ਹੋਵੇ ਅਤੇ ਕੁਆਲਿਟੀ ਵਾਲੀ ਸਿਹਤ ਸੰਭਾਲ, ਕਿਫ਼ਾਇਤੀ ਘਰ ਅਤੇ ਬਾਲ-ਸੰਭਾਲ ਮਿਲਦੀ ਹੈ। | ਮਹਿੰਗਾਈ ਆਮ ਤੌਰ 'ਤੇ ਫ਼ੈਡਰਲ ਸਰਕਾਰ ਅਤੇ ਸਟੇਟ ਸਰਕਾਰ ਵਲੋਂ ਕੀਤੀ ਜਾਂਦੀ ਹੈ। ਨਿਊਯਾੱਰਕ ਸਿਟੀ ਗੈਸ ਦੀਆਂ ਕੀਮਤਾਂ 'ਤੇ ਕੰਟਰੋਲ ਨਹੀਂ ਕਰਦੀ, ਫ਼ੂਡ ਸਟੈਂਪਾਂ ਪ੍ਰਿੰਟ ਨਹੀਂ ਕਰਦੀ ਅਤੇ ਘੱਟੋ-ਘੱਟ ਉਜਰਤ ਤੈਅ ਨਹੀਂ ਕਰਦੀ। ਅਸੀਂ ਘੱਟੋ-ਘੱਟ ਤਨਖ਼ਾਹ ਖ਼ਿਲਾਫ਼ ਵੋਟ ਤਾਂ ਪਾ ਸਕਦੇ ਹਾਂ, ਪਰ ਸਿਟੀ ਕੌਂਸਲ ਮਿਆਰ ਤੈਅ ਨਹੀਂ ਕਰਦੀ। |
| **ਲੋਕਰਾਜ ਦੀ ਰਾਖੀ ਕਰਨਾ** | ਵੋਟ ਪਾਉਣਾ ਇੱਕ ਮੂਲ ਹੱਕ ਹੈ। ਅਸੀਂ ਇਹ ਯਕੀਨੀ ਬਣਾਕੇ ਆਪਣੇ ਲੋਕਰਾਜ ਦੀ ਰਾਖੀ ਕਰਦੇ ਹਾਂ ਕਿ ਹਰ ਕੋਈ ਪੱਖਪਾਤ ਤੋਂ ਮੁਕਤ ਹੋਕੇ ਇਸ ਹੱਕ ਦੀ ਵਰਤੋਂ ਕਰ ਸਕੇ। ਸਾਨੂੰ ਵੋਟਿੰਗ ਨੂੰ ਸੌਖਾ ਅਤੇ ਵੱਧ ਪਹੁੰਚਯੋਗ ਬਣਾਉਣਾ ਚਾਹੀਦਾ ਹੈ। ਕੌਂਸਲ ਮੈਂਬਰ ਹੋਣ ਵਜੋਂ, ਮੈਂ ਵੋਟਿੰਗ ਦੇ ਹੱਕਾਂ ਦੀ ਰਾਖੀ ਕਰਨ ਲਈ ਸਖ਼ਤ ਸੰਘਰਸ਼ ਕੀਤਾ ਹੈ ਅਤੇ ਅਜਿਹਾ ਕਰਦੀ ਰਹਾਂਗੀ। | ਲੋਕਰਾਜ ਦਾ ਮਤਲਬ ਝੂਠੀ ਰਾਇਸ਼ੁਮਾਰੀ ਨਹੀਂ ਹੈ ਅਤੇ ਮਹਾਮਾਰੀ ਨਾਲ ਜਾਂ ਮਹਾਮਾਰੀ ਤੋਂ ਬਿਨਾ ਕੋਈ ਟੀਕਾ ਜ਼ਰੂਰੀ ਨਹੀਂ ਹੈ। ਮੇਰਾ ਸਰੀਰ ਮੇਰਾ ਘਰ ਅਤੇ ਮੇਰੀ ਸਰਹੱਦ ਹੈ ਅਤੇ ਇਸ ਵਿੱਚ ਕੋਈ ਦਖ਼ਲ ਨਹੀਂ ਦੇ ਸਕਦਾ। ਨਿਜੀ ਜਾਇਦਾਦ ਦੀ ਰਾਖੀ ਕਰਨਾ, ਲੋਕਰਾਜ ਦੀ ਰਾਖੀ ਕਰਨ ਦੀ ਬੁਨਿਆਦ ਹੈ। |

## ਫ਼ਾਤਿਮਾ ਬਰਯਾਬ (Fatima Baryab)

ਵੰਨ-ਸੁਵੰਨਤਾ

ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ।

ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ।

ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ।

# ਫ਼ਾੱਲੋ ਕਰੋ NYC Votes

**ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ਾੱਲੋ ਕਰ ਸਕਦੇ ਹੋ**

**@nycvotes**

# ਸਿਟੀ ਕੌਂਸਲ ਡਿਸਟ੍ਰਿਕਟ 26

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਜੂਲੀ ਵੌਨ (Julie Won)

**ਰਿਪਬਲਿਕਨ, ਮੈਡੀਕਲ ਫਰੀਡਮ**

- ਮਾਰਵਿਨ R ਜੈਫ਼ਕੋਟ (Marvin R Jeffcoat)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਜੂਲੀ ਵੌਨ (Julie Won)

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮੁੱਦੇ:**

1. ਕਿਫ਼ਾਇਤੀ ਰਿਹਾਇਸ਼ ਅਤੇ ਵਿਆਪਕ ਯੋਜਨਾਬੰਦੀ
2. ਸਿੱਖਿਆਂ ਅਤੇ ਹਰਿਆਵਲ ਥਾਵਾਂ ਵਿੱਚ ਪੂੰਜੀਕਾਰੀ ਲਾਉਣੀ
3. ਭਾਈਚਾਰੇ-ਅਧਾਰਿਤ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣਾ

*"ਕੌਂਸਲ ਮੈਂਬਰ ਵਜੋਂ, ਮੈਂ ਸਿਟੀ ਹਾਲ ਵਿਚਲੇ ਸਾਡੇ ਭਾਈਚਾਰੇ ਦੀ ਅਵਾਜ਼ ਬਣਕੇ ਮਾਣ ਮਹਿਸੂਸ ਕਰ ਰਹੀ ਹਾਂ! ਆਪਣੇ ਪਹਿਲੇ ਸਾਲ ਵਿੱਚ, ਮੈਂ ਕਿਫ਼ਾਇਤੀ ਰਿਹਾਇਸ਼ ਦੀਆਂ 1,622 ਯੂਨਿਟਾਂ, ਗਰੰਟੀਸ਼ੁਦਾ ਮੁਫ਼ਤ WiFi, ਕੇਬਲ ਅਤੇ ਡਿਸਟ੍ਰਿਕਟ ਵਿਚਲੇ NYCHA ਦੇ ਸਾਰੇ ਵਸਨੀਕਾਂ ਲਈ ਸੈਲ ਸੇਵਾ ਨੂੰ ਮੰਜ਼ੂਰੀ ਦਿੱਤੀ ਹੈ, ਅਤੇ ਆਪਣੇ ਗੁਆਂਢਚਾਰੇ ਲਈ ਫ਼ੰਡਿੰਗ ਵਿੱਚ $50 ਮਿਲੀਅਨ ਤੋਂ ਵੱਧ ਹਾਸਿਲ ਕੀਤੇ ਹਨ – ਇਸ ਵਿੱਚ ਆਪਣੇ ਸਥਾਨਕ ਸਕੂਲਾਂ ਲਈ $15 ਮਿਲੀਅਨ ਅਤੇ ਆਪਣੇ ਪਾਰਕਾਂ ਨੂੰ ਅਪਗ੍ਰੇਡ ਕਰਨ $11 ਮਿਲੀਅਨ ਸ਼ਾਮਿਲ ਹਨ। ਸਥਾਨਕ ਮਾਂ, ਪ੍ਰਵਾਸੀ ਅਤੇ ਕਿਰਾਏਦਾਰ ਵਜੋਂ, ਮੈਂ ਕਿਫ਼ਾਇਤੀ ਰਿਹਾਇਸ਼ ਦਾ ਸੰਕਟ ਖ਼ਤਮ ਕਰਨ, ਅਤੇ ਸ਼ਹਿਰ ਦੀ ਸਰਕਾਰ ਨੂੰ ਬਿਹਤਰ ਸੇਵਾ ਦੇਣ ਲਈ ਸੰਘਰਸ਼ ਕਰ ਰਹੀ ਹਾਂ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਡਿਜੀਟਲ ਸਟ੍ਰੈਟਜੀ ਸਲਾਹਕਾਰ

**ਸਿੱਖਿਆ:** ਸਾਇਰਾਕੌਜ਼ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਮੌਜੂਦਾ ਕੌਂਸਲ ਮੈਂਬਰਵਜੋਂ ਕੋਈ ਵੀ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਭਾਈਚਾਰੇ ਸਬੰਧੀ ਬੋਰਡ 2, ਕੁਈਨਸ ਬਰੋ ਦਾ ਪ੍ਰਧਾਨ ਦੀ 2020 ਦੀ ਮਰਦਰਸ਼ੁਮਾਰੀ ਮੁਕੰਮਲ ਕਰਨ ਵਾਲੀ ਕਾਉਂਟ ਕਮੇਟੀ: ਫ਼ਾਉਂਡਰ ਟੈਕਨੋਲੌਜੀ ਐਕਸ਼ਨ ਗਰੁਪ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਮਾਰਵਿਨ R ਜੈਫ਼ਕੋਟ (Marvin R Jeffcoat)

ਰਿਪਬਲਿਕਨ, ਮੈਡੀਕਲ ਫਰੀਡਮ

**ਮੁੱਖ 3 ਮਸਲੇ:**

1. ਸੁਰੱਖਿਅਤ ਅਤੇ ਰੱਖਿਅਕ ਗਲੀਆਂ ਪ੍ਰਦਾਨ ਕਰਨਾ।
2. ਚਾਰਟਰ ਸਕੂਲ, ਵਾਊਚਰ, ਹੋਮ ਸਕੂਲਿੰਗ
3. ਨੌਕਰੀ ਖਤਮ ਕਰਦੇ ਨਿਯਮਾਂ ਨੂੰ ਖਤਮ ਕਰਨਾ।

*"ਮਾਰਵਿਨ (Marvin) ਤੁਹਾਡੇ ਵਰਗੇ ਸੱਚੇ ਲੋਕਾਂ ਲਈ ਸੱਚੇ ਲੀਡਰ ਹਨ। ਉਹ ਯਕੀਨੀ ਬਣਾਉਂਦੇ ਹਨ ਕਿ ਵੈਟਰਨਾਂ ਨੂੰ ਸਥਾਨਕ ਪੱਧਰ 'ਤੇ ਇੱਥੇ ਖ਼ਰਚਿਆ ਗਿਆ ਢੁਕਵਾਂ ਮੁਆਵਜ਼ਾ ਮਿਲੇ; ਕਾਰਪੋਰੇਟ ਦੇ ਅਸਰ ਤੋਂ ਬਚਦਿਆਂ ਨਿਜੀ ਸੇਵਾ ਰਾਹੀਂ ਨੌਜੁਆਨਾਂ ਲਈ ਪੜ੍ਹਾਈ ਅਤੇ ਮੁਹਾਰਤ ਦੇ ਵਿਕਾਸ ਨਾਲ ਕਾਮਯਾਬੀ ਹਾਸਿਲ ਕਰਨ ਲਈ ਉਹਨਾਂ ਨੂੰ ਮਜ਼ਬੂਤ ਬਣਾਉਂਦੇ ਹਨ, ਖ਼ਾਨਦਾਨ ਜਾਂ ਉਮਰ ਦੀ ਪਰਵਾਹ ਕੀਤੇ ਬਿਨਾ ਸਾਰਿਆਂ ਲਈ ਸੇਵਾ ਯਕੀਨੀ ਬਣਾਉਂਦੇ ਹਨ।"*

**ਮੌਜੂਦਾ ਕੰਮ-ਧੰਦਾ:** ਸੁਵਿਧਾ ਪ੍ਰਬੰਧਕ - NYC ਸਿਹਤ ਅਤੇ ਮਾਨਸਿਕ ਤੰਦਰੁਸਤ ਵਿਭਾਗ

**ਪਿਛਲਾ ਕੰਮ-ਧੰਦਾ:** ਫਰੈਸ਼ ਡਾਇਰੈਕਟ ਟ੍ਰਾਂਸਪੋਰਟੇਸ਼ਨ ਸੁਪਰਵਾਈਜ਼ਰ; ਯੂ.ਐੱਸ. ਆਰਮੀ - ਸਾਰਜੈਂਟ ਫਸਟ ਕਲਾਸ (7)

**ਸਿੱਖਿਆ:** ਕੋਨਕੋਰਡ ਲਾਅ ਸਕੂਲ ਤੋਂ ਜੂਰੀਸ ਡਾਕਟਰੇਟ

**ਸੰਸਥਾਗਤ ਸਬੰਧ:** VFW; ਅਮਰੀਕਨ ਲਿਜਨ; ਕੈਥੋਲਿਕ ਵਾਰ ਵੈਟਰਨ; 82ਵੀਂ ਏਅਰਬੌਰਨ ਡਿਵੀਜ਼ਨ ਐਸੋਸੀਏਸ਼ਨ; ਕੰਬਾਟ ਇੰਫ਼ੈਂਟਰੀਮੈਨ'ਸ ਐਸੋਸੀਏਸ਼ਨ; ਕੱਬ ਸਕਾਊਟਸ; ਨਾਈਟਸ ਆੱਫ਼ ਕੋਲੰਬਸ; NRA; ਸਨੀਸਾਈਡ GOP

**ਪਹਿਲਾਂ ਦਾ ਸਰਕਾਰੀ ਅਨੁਭਵ:** ਕਮਿਊਨਿਟੀ ਬੋਰਡ 2 ਦੇ ਸਾਬਕਾ ਮੈਂਬਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਚੋਣ ਅਲਰਟ ਪ੍ਰਾਪਤ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ!**
**ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਂਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਜੂਲੀ ਵੌਨ (Julie Won)** ✓<br>ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼ | **ਮਾਰਵਿਨ R ਜੈਫ਼ਕੋਟ (Marvin R Jeffcoat)** ✓<br>ਰਿਪਬਲਿਕਨ, ਮੈਡੀਕਲ ਫਰੀਡਮ |
|---|---|---|
| **ਅਪਰਾਧ** | ਜਨਤਕ ਸੁਰੱਖਿਆ ਲਈ ਸਿਰਫ਼ ਕਾਨੂੰਨ ਲਾਗੂ ਕਰਨ ਤੋਂ ਇਲਾਵਾ ਇਸਦਾ ਪੂਰਾ ਹੱਲ ਕੱਢਣ ਦੀ ਲੋੜ ਹੁੰਦੀ ਹੈ। ਸਾਨੂੰ ਮਾਨਸਿਕ ਸਿਹਤ ਸਰੋਤਾਂ ਲਈ ਫੰਡ ਨੂੰ ਵਧਾ ਕੇ, ਬਹਾਲ ਕਰਨ ਵਾਲੇ ਨਿਆਂ ਮਾਡਲ ਦਾ ਵਿਸਤਾਰ ਕਰਕੇ, ਨੌਕਰੀ ਦੇ ਮੌਕੇ ਵਧਾ ਕੇ, ਅਤੇ ਕਿਫ਼ਾਇਤੀ ਰਿਹਾਇਸ਼ ਬਣਾਕੇ ਜੁਰਮ ਦੇ ਮੂਲ ਕਾਰਣਾਂ ਦਾ ਇਲਾਜ ਕਰਨਾ ਚਾਹੀਦਾ ਹੈ। | ਇੱਕ ਸਾਬਕਾ ਮਿਲਟਰੀ ਪੁਲਿਸ ਮੁਲਾਜ਼ਮ ਹੋਣ ਦੇ ਨਾਤੇ, ਮੈਂ ਖੁਦ ਜਾਣਦਾ ਹਾਂ ਕਿ ਸਾਡੇ ਸ਼ਹਿਰ ਵਿੱਚ ਵਿਵਸਥਾ ਨੂੰ ਬਹਾਲ ਕਰਨ ਲਈ ਕੀ ਕਰਨਾ ਪੈਂਦਾ ਹੈ। ਇੱਕ ਵਾਰ ਚੁਣੇ ਜਾਣ 'ਤੇ ਮੈਂ ਕਾਨੂੰਨ ਲਾਗੂ ਕਰਨ ਅਤੇ ਆਂਢ-ਗੁਆਂਢ ਦੇ ਨਿਗਰਾਨੀ ਸਮੂਹਾਂ ਲਈ ਯੋਗ ਛੋਟ ਬਹਾਲ ਕਰਨ ਲਈ ਤੁਰੰਤ ਕਾਨੂੰਨ ਪੇਸ਼ ਕਰਾਂਗਾ। ਤੁਹਾਡੇ ਲਈ ਇਹ ਮੇਰੀ ਪੱਕੀ ਸਹੁੰ ਹੈ। |
| **ਮਹਿੰਗਾਈ** | ਇੱਕ ਕਿਰਾਏਦਾਰ ਅਤੇ ਇੱਕ ਪੇਰੇਂਟ ਹੋਣ ਦੇ ਨਾਤੇ, ਮੈਂ ਆਪਣੇ ਗੁਆਂਢਚਾਰੇ ਵਿੱਚ ਵਧਦੇ ਕਿਰਾਇਆਂ ਅਤੇ ਲਗਾਤਾਰ ਵੱਧ ਰਹੀ ਰਹਿਣ ਦੀ ਲਾਗਤ ਦੇ ਅਸਰ ਨੂੰ ਮਹਿਸੂਸ ਕਰਦੀ ਹਾਂ। ਇਸੀ ਕਰਕੇ ਮੈਂ ਆਪਣੇ ਗੁਆਂਢਚਾਰਿਆਂ ਲਈ ਸਿੱਧਿਆਂ ਸ਼ਹਿਰੀ ਫ਼ੰਡਿੰਗ ਵਿੱਚ $50 ਤੋਂ ਵੱਧ ਹਾਸਿਲ ਕੀਤੇ ਹਨ ਅਤੇ ਬਹੁਤ ਹੀ ਕਿਫ਼ਾਇਤੀ ਰਿਹਾਸ਼ ਦੀ ਇਤਿਹਾਸਕ ਮਾਤਰਾ ਲਈ ਜੱਦੋ-ਜਹਿਦ ਕੀਤੀ ਹੈ। | ਤੁਹਾਡੇ ਵਾਂਗ ਮੈਂ ਨੌਕਰੀ ਖਤਮ ਕਰਦੇ ਨਿਯਮਾਂ ਨੂੰ ਮਹਿੰਗਾਈ ਵਧਾਉਂਦੇ ਹੋਏ ਅਤੇ ਮੇਰੇ ਪਰਿਵਾਰ ਦੀ ਰਸੋਈ ਦੇ ਮੇਜ਼ 'ਤੇ ਭੋਜਨ ਦੀ ਮਾਤਰਾ ਨੂੰ ਘਟਾਉਂਦੇ ਦੇਖਿਆ ਹੈ। ਮੈਂ ਉਹਨਾਂ ਨਿਯਮਾਂ ਦੀ ਸਮੀਖਿਆ ਕਰਾਂਗਾ ਅਤੇ ਉਹਨਾਂ ਨਿਯਮਾਂ ਨੂੰ ਖਤਮ ਕਰਾਂਗਾ ਜੋ ਵਪਾਰ ਨੂੰ ਰੋਕਦੇ ਹਨ। ਮੈਂ ਅਮਰੀਕਾ ਵਿੱਚ ਸਭ ਤੋਂ ਘੱਟ ਕਾਰਪੋਰੇਟ ਟੈਕਸ ਦਰ ਬਣਾਉਣ ਲਈ ਵੀ ਕੰਮ ਕਰਾਂਗਾ ਤਾਂ ਜੋ ਨੌਕਰੀਆਂ ਵਾਪਸ ਆ ਸਕਣ। |
| **ਲੋਕਰਾਜ ਦੀ ਰਾਖੀ ਕਰਨਾ** | ਕੌਂਸਲ ਮੈਂਬਰ ਵਜੋਂ, ਆਪਣੇ ਸੰਘਟਕਾਂ ਦੇ ਵੋਟ ਦੇ ਹੱਕ ਦੀ ਰਾਖੀ ਕਰਨ ਅਤੇ ਵੋਟ-ਪਰਚੀ ਦੇ ਰਾਹ ਵਿੱਚ ਆਉਣ ਵਾਲੇ ਸਾਰੇ ਅੜਿੱਕਿਆਂ ਨੂੰ ਦੂਰ ਕਰਨਾ ਮੇਰਾ ਪ੍ਰਤੱਖ ਫ਼ਰਜ਼ ਹੈ। ਮੈਂ ਵੋਟਰਾਂ ਦੇ ਹੱਕਾਂ ਦੀ ਰਾਖੀ ਕਰਨ, ਵੋਟਿੰਗ ਦੇ ਪਹਿਲੇ ਕੁਝ ਘੰਟੇ ਅਤੇ ਥਾਵਾਂ ਵਧਾਉਣ, ਡਾਕ ਰਾਹੀਂ ਵੋਟਿੰਗ ਨੂੰ ਹੋਰ ਅਸਾਨ ਬਣਾਉਣ ਅਤੇ ਹੋਰ ਬਹੁਤ ਸਾਰੀਆਂ ਕਾਰਵਾਈਆਂ ਕਰਨ ਦੀ ਪੂਰੀ ਹਿਮਾਇਤ ਕਰਦਾ ਹਾਂ। | ਅਮਰੀਕੀ ਸੰਵਿਧਾਨ ਪ੍ਰਤੀਨਿਧ ਲੋਕਤੰਤਰ ਦੀ ਗਰੰਟੀ ਦਿੰਦਾ ਹੈ। ਬਦਕਿਸਮਤੀ ਨਾਲ, ਸਿਟੀ ਕਾਊਂਸਿਲ ਨੇ ਬਹਿਸ ਅਤੇ ਕਾਨੂੰਨ ਬਣਾਉਣ ਦੀ ਆਪਣੀ ਜ਼ਿੰਮੇਵਾਰੀ ਨੂੰ ਅਣ-ਚੁਣੇ ਨੌਕਰਸ਼ਾਹਾਂ ਨੂੰ ਸੌਂਪ ਦਿੱਤਾ ਹੈ ਜੋ ਮਹਿਸੂਸ ਕਰਦੇ ਹਨ ਕਿ ਉਹ ਸਾਡੇ ਨਾਲੋਂ ਬਿਹਤਰ ਜਾਣਦੇ ਹਨ ਕਿ ਸਾਨੂੰ ਕੀ ਚਾਹੀਦਾ ਹੈ। ਮੈਂ ਇਸਨੂੰ ਠੀਕ ਕਰਾਂਗਾ। |

# ਸਿਟੀ ਕੌਂਸਲ ਡਿਸਟ੍ਰਿਕਟ 27

**ਲੋਕਰਾਜੀ**

- ਨਨਤਾਸ਼ਾ M ਵਿਲੀਅਮਸ (Nantasha M Williams)

**ਰਿਪਬਲਿਕਨ, ਮੈਡੀਕਲ ਫਰੀਡਮ**

- ਮੈਰੀਲਿਨ ਮਿਲਰ (Marilyn Miller) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਨਨਤਾਸ਼ਾ M ਵਿਲੀਅਮਸ (Nantasha M Williams)

ਲੋਕਰਾਜੀ

**ਮੁੱਖ 3 ਮਸਲੇ:**

1. ਜ਼ਿੰਦਗੀ ਦੀ ਸੰਭਾਲ ਦੀ ਕੁਆਲਿਟੀ
2. ਕਿਫ਼ਾਇਤੀ ਰਿਹਾਇਸ਼
3. ਨਸਲੀ ਬਰਾਬਰੀ

*"ਮੈਂ ਉਹ ਲੀਡਰ ਹਾਂ, ਜੋ ਭਾਈਚਾਰੇ ਦੇ ਲੋਕਾਂ ਨੂੰ ਜਿੱਥੋਂ ਤੱਕ ਸੰਭਵ ਹੋਵੇ ਮਜ਼ਬੂਤ ਬਣਾਉਣ ਵਿੱਚ ਭਰੋਸਾ ਕਰਦੀ ਹਾਂ। ਮੈਂ ਸਾਨੂੰ ਦਰਪੇਸ਼ ਮੁੱਖ ਵੰਗਾਰਾਂ ਬਾਰੇ ਭਾਈਚਾਰਕ ਗੱਲਬਾਤ ਨੂੰ ਸਹੂਲਤ ਵਾਲੀ ਬਣਾਉਣ ਅਤੇ ਉਹਨਾਂ ਮੁੱਦਿਆਂ ਬਾਰੇ ਬੋਲਣ ਲਈ ਗੱਟ ਨੁਮਾਇੰਦਗੀ ਵਾਲੀਆਂ ਅਵਾਜ਼ਾਂ ਨੂੰ ਸਰਗਰਮੀ ਨਾਲ ਲੱਭਣ ਲਈ ਜ਼ਿੰਮੇਵਾਰ ਹਾਂ, ਜੋ ਉਹਨਾਂ 'ਤੇ ਅਸਰ ਪਾਉਂਦੇ ਹਨ। ਮੇਰਾ ਦਫ਼ਤਰ ਜਵਾਬਦੇਹੀ, ਪਹੁੰਚ ਕਰਨ ਅਤੇ ਸਪਸ਼ਟਤਾ ਦੇ ਸਿਧਾਂਤਾਂ 'ਤੇ ਕੰਮ ਕਰਦਾ ਹੈ।"*

**ਮੌਜੂਦਾ ਕੰਮ-ਧੰਦਾ:** ਪ੍ਰੋਜੈਕਟ ਮੈਨੇਜਰ, MWBE ਪਾਲਣਾ

**ਪਿਛਲਾ ਕੰਮ-ਧੰਦਾ:** ਮੈਨੇਜਰ, ਭਾਈਚਾਰਾ ਅਤੇ ਬਾਹਰੀ ਸੰਬੰਧ

**ਸਿੱਖਿਆ:** ਬੈਚਲਰ (ਪੋਲੀਟੀਕਲ ਸਾਇੰਸ), ਮਾਸਟਰਸ (ਲੋਕ ਪ੍ਰਸ਼ਾਸ਼ਨ), ਮੌਜੂਦਾ PhD ਸਟੂਡੈਂਟ

**ਸੰਸਥਾਗਤ ਸਬੰਧ:** ਨਿਊਯਾੱਰਕ ਸਿਟੀ ਬਲੈਕ ਵੂਮੈਨ'ਸ ਪੌਲੀਟਿਕਲ ਕਲੱਬ, ਭਾਈਚਾਰੇ ਸਬੰਧੀ ਬੋਰਡ 13, ਵੂਮੈਨ'ਸ ਮਾਰਚ

**ਪਹਿਲਾਂ ਦਾ ਸਰਕਾਰੀ ਅਨੁਭਵ:** ਨਿਊ ਯਾਰਕ ਰਾਜ ਵਿਧਾਨ ਸਭਾ ਲਈ ਕਈ ਅਹੁਦਿਆਂ 'ਤੇ ਕੰਮ ਕਰਨਾ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਮੈਰੀਲਿਨ ਮਿਲਰ (Marilyn Miller)

ਰਿਪਬਲਿਕਨ, ਮੈਡੀਕਲ ਫਰੀਡਮ

**ਮੁੱਖ 3 ਮਸਲੇ:**

1. ਵੱਡਾ ਜੁਰਮ
2. ਬੇਘਰਾਪਣ
3. ਛੋਟੇ ਕਾਰੋਬਾਰ

*"ਮੈਂ ਇੱਕ ਰਿਟਾਇਰਡ **NYPD** ਅਫ਼ਸਰ ਹਾਂ ਅਤੇ **NYPD** ਅਫ਼ਸਰ ਅਤੇ 9-11 ਦਾ ਪਹਿਲਾ ਰਿਸਪੌਂਡਰ ਸਰਵਾਈਵਰ ਹੈ। ਮੈਂ ਨਿਊਯਾੱਰਕ ਦੇ ਲੋਕਾਂ ਅਤੇ ਗ੍ਰੇਟ ਬਰੋ ਆੱਫ਼ ਕੁਈਨਸ ਦੇ ਲੋਕਾਂ ਲਈ ਚੋਣ ਲੜ ਰਹੀ ਹਾਂ। ਭ੍ਰਸ਼ਟ ਸਿਆਸਤਦਾਨਾਂ ਦੀਆਂ ਕਾਰਵਾਈਆਂ ਅਤੇ ਪਾੱਲਿਸੀਆਂ ਕਰਕੇ ਸਾਡਾ ਪੂਰਾ ਸ਼ਹਿਰ ਖਿਲਰਿਆ ਪਿਆ ਹੈ, ਜੋ ਸਾਡੇ ਭਾਈਚਾਰਿਆਂ ਅਤੇ ਜ਼ਿੰਦਗੀ ਦੇ ਮਿਆਰ ਨੂੰ; ਤਬਾਹਕੁਨ ਪਾੱਲਿਸੀਆਂ ਨਾਲ ਤਬਾਹ ਕਰ ਰਹੀਆਂ ਹਨ। ਉਹਨਾਂ ਨੂੰ ਹੁਣ ਇਹ ਦੱਸਣ ਦਾ ਸਮਾਂ ਆ ਗਿਆ ਹੈ ਕਿ "ਅਸੀਂ ਲੋਕ" ਬਹੁਤ ਜ਼ਿਆਦਾ ਜੁਰਮ, ਬੇਘਰਾਪਣ, ਗੰਦੀਆਂ ਸੜਕਾਂ, ਬਹੁਤ ਜ਼ਿਆਦਾ ਟੈਕਸ, ਮਹਿੰਗਾਈ, ਛੋਟੇ ਕਾਰੋਬਾਰਾਂ 'ਤੇ ਹਮਲਾ ਅਤੇ ਸੰਵਿਧਾਨ ਵਲੋਂ ਹਿਮਾਇਤਪ੍ਰਾਪਤ ਆਪਣੇ ਸਿਵਿਲ ਹੱਕਾਂ ਦੀ ਉਲੰਘਣਾ ਤੋਂ ਪਰੇਸ਼ਾਨ ਹੋ ਚੁੱਕੇ ਹੋ। ਇਹ ਸਮਾਂ ਮਿਲਰ* **(Miller)** *ਦਾ ਹੈ!"*

**ਮੌਜੂਦਾ ਕੰਮ-ਧੰਦਾ:** ਰੀਅਲ ਐਸਟੇਟ ਏਜੰਟ

**ਪਿਛਲਾ ਕੰਮ-ਧੰਦਾ:** NYPD ਅਫ਼ਸਰ

**ਸਿੱਖਿਆ:** B.A. ਮੁਜਰਮਾਨਾ ਨਿਆ

**ਸੰਸਥਾਗਤ ਸਬੰਧ:** PBA, NAR, NFRW, RJC

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ?**
**ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ**
**punjabi.nycvotes.org/plan-your-ballot 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | ਨਨਤਾਸ਼ਾ M ਵਿਲੀਅਮਸ (Nantasha M Williams)<br>ਲੋਕਰਾਜੀ | ਮੈਰੀਲਿਨ ਮਿਲਰ (Marilyn Miller) ✓<br>ਰਿਪਬਲਿਕਨ, ਮੈਡੀਕਲ ਫਰੀਡਮ |
|---|---|---|
| **ਅਪਰਾਧ** | ਕਿਓਰ ਵਾਇਲੈਂਸ ਪ੍ਰੋਗਰਾਮ ਲਈ ਸਾਬਕਾ ਬੋਰਡ ਮੈਂਬਰ ਹੋਣ ਵਜੋਂ, ਮੈਂ ਜੁਰਮ ਦਾ ਹੱਲ ਕੱਢਣ ਲਈ ਕਾਨੂੰਨ ਲਾਗੂ ਕਰਨ ਵਾਲੇ ਸ੍ਰੋਤ ਦਾ ਪਸਾਰ ਕਰਨ ਵਿੱਚ ਵਿਸ਼ਵਾਸ ਕਰਦੀ ਹਾਂ। ਮੇਰਾ ਮੰਨਣਾ ਹੈ ਕਿ 911 ਡਿਸਪੈਚਰਾਂ ਦੀ ਸੋਸ਼ਲ ਵਰਕਰਾਂ ਅਤੇ ਮਾਨਸਿਕ ਸਿਹਤ ਪੇਸ਼ੇਵਰਾਂ ਤੱਕ ਪਹੁੰਚ ਹੋਣੀ ਚਾਹੀਦੀ ਹੈ, ਪਰ ਮੈਂ ਪੁਲਿਸ ਦੇ ਫ਼ੰਡ ਘਟਾਏ ਜਾਣ ਦੀ ਹਿਮਾਇਤ ਨਹੀਂ ਕਰਦੀ। | NYPD ਦੇ ਇੱਕ ਸਾਬਕਾ ਅਫ਼ਸਰ ਵਜੋਂ, ਮੈਂ ਜੁਰਮ 'ਤੇ ਸਖ਼ਤੀ ਕਰਾਂਗੀ ਅਤੇ ਆਪਣੇ ਮੌਜੂਦਾ ਲੀਡਰਾਂ ਨੂੰ ਜਨਤਕ ਸੁਰੱਖਿਆ ਲਈ ਜਵਾਬਦੇਹ ਮੰਨਾਂਗੀ। ਮੁਜਰਿਮ ਨੂੰ ਰਿਹਾ ਕਰਨ ਲਈ ਜ਼ਮਾਨਤ ਦੀ ਲੋੜ ਨਹੀਂ, ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਅਸੀਂ ਹੁਣ ਸਿਰਫ਼ ਮੁਜਰਿਮਾਂ ਦੇ ਆਲੇ-ਦੁਆਲੇ ਘੁੰਮਦੇ ਰਹਿਣ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਜਿਸ ਕਰਕੇ ਵਾਰ-ਵਾਰ ਹਿੰਸਾ ਕਰਨ ਵਾਲੇ ਮੁਜਰਿਮ ਹੋਰ ਜੁਰਮ ਕਰਨ ਲਈ ਸਾਡੇ ਭਾਈਚਾਰਿਆਂ ਵਿੱਚ ਵਾਪਸ ਆ ਜਾਂਦੇ ਹਨ। |
| **ਮਹਿੰਗਾਈ** | ਮਹਿੰਗਾਈ ਇੱਕ ਅਹਿਮ ਮੁੱਦਾ ਹੈ, ਜਿਸ ਦਾ ਦੁਨੀਆ ਸਾਹਮਣਾ ਕਰ ਰਹੀ ਹੈ, ਕਿਉਂਕਿ ਊਰਜਾ ਦੀਆਂ ਕੀਮਤਾਂ ਵਿੱਚ ਵਾਧਾ ਹੁੰਦਾ ਗਿਆ ਹੈ ਅਤੇ ਵਿਸ਼ਵਵਿਆਪੀ ਸੰਘਰਸ਼ ਸਪਲਾਈ ਲੜੀ ਨੂੰ ਅਸਥਿਰ ਕਰਦਾ ਹੈ। ਮੈਂ ਇਹ ਯਕੀਨੀ ਬਣਾਉਣਾ ਜਾਰੀ ਰੱਖਾਂਗੀ ਕਿ ਕੰਮਕਾਜੀ ਪਰਿਵਾਰਾਂ ਨੂੰ ਵਧਦੀਆਂ ਲਾਗਤਾਂ ਦਾ ਭਾਰ ਨਾ ਸਹਾਰਣਾ ਪਏ। | ਇਸ ਸਮੇਂ ਮਹਿੰਗਾਈ ਸਭ ਤੋਂ ਉੱਚੇ ਪੱਧਰ 'ਤੇ ਹੈ। ਵਸਤਾਂ ਅਤੇ ਸੇਵਾਵਾਂ ਦੀ ਕੀਮਤ ਇੰਨੀ ਜ਼ਿਆਦੀ ਹੋ ਗਈ ਹੈ ਕਿ ਇਸਦਾ ਅਸਰ ਸਾਡੀ ਜ਼ਿੰਦਗੀ ਦੇ ਮਿਆਰ 'ਤੇ ਅਸਰ ਪੈ ਰਿਹਾ ਹੈ। ਰਹਿਣ-ਸਹਿਣ ਦੀ ਵਧ ਰਹੀ ਲਾਗਤ ਨੇ ਅਮਰੀਕੀ ਡਾੱਲਰ ਦੀ ਕੀਮਤ ਘਟਾ ਦਿੱਤੀ ਹੈ। ਸਾਨੂੰ ਸੋਨੇ, ਚਾਂਦੀ ਅਤੇ ਬਿਟਕਾੱਇਨ ਦੀ ਪੁਸ਼ਟੀ ਵਾਲੇ ਸਿਸਟਮ ਦੀ ਵਰਤੋਂ ਵਲ ਜਾਣਾ ਚਾਹੀਦਾ ਹੈ। |
| **ਲੋਕਰਾਜ ਦੀ ਰਾਖੀ ਕਰਨਾ** | ਲੋਕਰਾਜ ਦੀ ਰਾਖੀ ਅਤੇ ਤਰੱਕੀ ਵਿੱਚ ਮੇਰਾ ਪੂਰਾ ਵਿਸ਼ਵਾਸ ਹੈ। ਸਾਨੂੰ ਵੋਟਿੰਗ ਨੂੰ ਸੌਖਾ ਬਣਾਉਣ ਅਤੇ ਜਿੰਨਾ ਸੰਭਵ ਹੋ ਸਕੇ, ਵੋਟਰਾਂ ਦਾ ਪਸਾਰ ਕਰਨ ਲਈ ਕੁਝ ਹੋਰ ਵੀ ਕਰਨਾ ਚਾਹੀਦਾ ਹੈ। | ਸਾਡੇ ਦੇਸ਼ ਦੇ ਸਥਾਪਨਾ ਫ਼ੈਡਰਲ ਲੋਕਰਾਜੀ ਗਣਰਾਜ ਵਜੋਂ ਹੋਈ ਸੀ। ਤੁਹਾਡੇ ਚੁਣੇ ਹੋਏ ਲੀਡਰ ਵਜੋਂ, ਮੈਂ ਲੋਕਰਾਜ ਦੀ ਰਾਖੀ ਕਰਾਂਗੀ ਅਤੇ ਸੰਵਿਧਾਨ ਵਲੋਂ ਸੁਰੱਖਿਅਤ ਤੁਹਾਡੇ ਸਿਵਿਲ ਹੱਕਾਂ ਦਾ ਬਚਾਅ ਕਰਾਂਗੀ। |

# ਸਿਟੀ ਕੌਂਸਲ ਡਿਸਟ੍ਰਿਕਟ 28

**ਲੋਕਰਾਜੀ**

- ਐਡ੍ਰਿਅਨ E ਐਡਮਸ (Adrienne E Adams)

**ਰਿਪਬਲਿਕਨ, ਕੱਾਮਨ ਸੈਂਸ**

- ਰੁਸਾਟ ਮੋਹਨ ਰਾਮਗੋਪਾਲ (Rusat Mohan Ramgopal) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਐਡ੍ਰਿਅਨ E ਐਡਮਸ (Adrienne E Adams)

ਲੋਕਰਾਜੀ

**ਮੁੱਖ 3 ਮਸਲੇ:**

1. ਰਿਹਾਇਸ਼ ਅਤੇ ਕਿਫ਼ਾਇਤੀ ਘਰ
2. ਆਰਥਕ ਮੌਕਾ
3. ਮਾਨਸਿਕ ਸਿਹਤ

*"ਐਡ੍ਰਿਅਨ ਐਡਮਸ (Adrienne Adams) NYC ਕੌਂਸਲ ਦੇ ਪਹਿਲੇ ਅਫ਼ਰੀਕੀ-ਅਮਰੀਕੀ ਸਪੀਕਰ ਹਨ, ਜੋ ਸ਼ਹਿਰ ਦੇ ਇਤਿਹਾਸ ਵਿੱਚ ਸਭ ਤੋਂ ਵੰਨ-ਸੁਵੰਨੇ ਅਤੇ ਔਰਤਾਂ ਦੀ ਬਹੁਗਿਣਤੀ ਵਾਲੇ ਸ਼ਹਿਰ ਦੀ ਅਗਵਾਈ ਕਰਦੇ ਹਨ। ਉਹਨਾਂ ਨੇ ਔਰਤਾਂ ਅਤੇ ਪਰਿਵਾਰਾਂ ਨੂੰ ਦਰਪੇਸ਼ ਮੁੱਦਿਆਂ ਨੂੰ ਤਰਜੀਹ ਦਿੰਦਿਆਂ ਹੋਇਆਂ ਬਰਾਬਰੀ ਦਾ ਕਾਨੂੰਨੀ ਏਜੰਡਾ ਅੱਗੇ ਤੋਰਿਆ ਹੈ। ਉਹਨਾਂ ਨੇ ਮਾਂ ਦੀ ਸਿਹਤ ਅਤੇ ਬੱਚੇ ਦੀ ਪੈਦਾਇਸ਼ ਸਬੰਧੀ ਦੇਖਭਾਲ ਵਿੱਚ ਨਸਲੀ ਨੀਬਰਾਬਰੀਆਂ ਦਾ ਮੁਕਾਬਲਾ ਕਰਨ ਲਈ ਕੌਂਸਲ ਦੀ ਅਗਵਾਈ ਕੀਤੀ ਹੈ। ਉਹਨਾਂ ਨੇ FDNY ਵਿੱਚ ਵੰਨ-ਸੁਵੰਨਤਾ ਲਿਆਉਣ, ਨਿਊਯਾੱਰਕ ਦੇ ਤਨਖ਼ਾਹ ਬਾਰੇ ਕਾਨੂੰਨ ਵਿੱਚ ਸਪਸ਼ਟਤਾ ਵਿੱਚ ਤਰਮੀਮ ਕਰਨ ਅਤੇ ਲਿੰਗ-ਅਧਾਰਿਤ ਹਿੰਸਾ ਤੋਂ ਬਚੇ ਲੋਕਾਂ ਲਈ ਸ੍ਰੋਤ ਵਧਾਉਣ ਲਈ ਕਾਨੂੰਨ ਪਾਸ ਕੀਤਾ ਹੈ। ਸਪੀਕਰ ਐਡਮਸ (Adams) ਨੇ ਕੌਂਸਲ ਮੈਂਬਰਾਂ ਨੂੰ ਪੀੜਤ ਸੇਵਾਵਾਂ ਬਾਰੇ ਪ੍ਰੋਗਰਾਮਾਂ ਵਿੱਚ ਪੂੰਜੀ ਲਾਉਣ ਲਈ $100K ਦਿੱਤੇ ਸਨ ਅਤੇ CUNY ਰੀਕਨੈਕਟ ਨੂੰ $4.4M ਮੁਹੱਈਆ ਕਰਾਕੇ ਉੱਚ-ਸਿੱਖਿਆ ਲਈ ਰਾਹ ਖੋਲ੍ਹਿਆ ਹੈ"*

**ਮੌਜੂਦਾ ਕੰਮ-ਧੰਦਾ:** ਕੌਂਸਲਮੈਂਬਰ

**ਪਿਛਲਾ ਕੰਮ-ਧੰਦਾ:** ਕਾਰਪੋਰੇਟ ਟ੍ਰੇਨਰ

**ਪੜ੍ਹਾਈ:** ਕਾੱਲਿਜ ਗ੍ਰੈਜੂਏਟ

**ਸੰਸਥਾਗਤ ਸਬੰਧ:** ਅਲਫਾ ਕੱਪਾ ਅਲਫਾ ਸੋਰੋਰਿਟੀ, ਇੰਕ.

**ਪਹਿਲਾਂ ਦਾ ਸਰਕਾਰੀ ਅਨੁਭਵ:** ਸਿਟੀ ਕੌਂਸਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਰੁਸਾਟ ਮੋਹਨ ਰਾਮਗੋਪਾਲ (Rusat Mohan Ramgopal)

ਰਿਪਬਲਿਕਨ, ਕੱਾਮਨ ਸੈਂਸ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਪਬਲਿਕ ਸਕੂਲ/ਸਿੱਖਿਆ
3. ਸਾਫ਼-ਸਫ਼ਾਈ ਅਤੇ ਸੜਕਾਂ

*"ਸਾਲਾਂ ਤੋਂ ਹੁਣ ਤੱਕ ਡਿਸਟ੍ਰਿਕਟ 28 ਵਿੱਚ ਸਾਡੇ ਭਾਈਚਾਰੇ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਸਾਡੀ ਜਨਤਕ ਸੁਰੱਖਿਆ ਸੰਕਟ ਵਿੱਚ ਹੈ, ਸਾਡੇ ਪਬਲਿਕ ਸਕੂਲ ਨਾਕਾਮ ਹੋ ਰਹੇ ਹਨ ਅਤੇ ਸਾਡੀਆਂ ਸੜਕਾਂ ਦੀ ਸਫ਼ਾਈ ਨਹੀਂ ਹੁੰਦੀ ਅਤੇ ਹਰ ਪਾਸੇ ਟੋਏ ਹਨ। ਸਿਰਫ਼ ਸ਼ਿਕਾਇਤ ਕਰਨਾ ਹੀ ਹੱਲ ਨਹੀਂ ਹੈ, ਨੁਮਾਇੰਦਗੀ ਲਈ ਸਾਨੂੰ ਵੋਟ ਪਾਉਣੀ ਪੈਣੀ ਹੈ। ਮੈਂ ਭਾਈਚਾਰੇ ਤੋਂ ਹੀ ਇੱਥੇ ਤੱਕ ਪਹੁੰਚਿਆਂ ਹਾਂ ਅਤੇ ਸੇਵਾ ਕਰਨਾ ਚਾਹੁੰਦਾ ਹਾਂ, ਕਿਉਂਕਿ ਮੈਨੂੰ ਪਤਾ ਹੈ ਕਿ ਇਕੱਠੇ ਹੋਕੇ ਅਸੀਂ ਬਹੁਤ ਕੁਝ ਹਾਸਿਲ ਕਰ ਸਕਦੇ ਹਾਂ।"*

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ ਉਮੀਦਵਾਰ

**ਪਿਛਲਾ ਕੰਮ-ਧੰਦਾ:** ਵੱਖ-ਵੱਖ ਅਹੁਦੇ-ਗਲੋਬਸਪੈਨ 24/7 ਮੀਡੀਆ, KCL ਲੀਗਲ ਕਲਿਨਿਕ, U.S. ਸਟੇਟ ਡਿਪਾਰਟਮੈਂਟ VSFS, ਜੌਹਨ ਜੇਅ ਕਾੱਲਿਜ, ਨਿਊਯਾੱਰਕ ਸਿਟੀ ਅਰਬਨ ਡਿਬੇਟ ਲੀਗ

**ਪੜ੍ਹਾਈ:** ਯੂਨੀਵਰਸਿਟੀ ਆੱਫ਼ ਲੰਡਨ, ਕਿੰਗ'ਸ ਕਾੱਲਿਜ, LL.B. (ਲਾੱਅ ਡਿਗ੍ਰੀ), ਜਾੱਰਜਟਾਊਨ ਯੂਨੀਵਰਸਿਟੀ, LL.M. (ਲਾੱਅ ਡਿਗ੍ਰੀ), ਕੋਲੰਬੀਆ ਸੈਕੰਡਰੀ ਸਕੂਲ

**ਸੰਸਥਾਗਤ ਸਬੰਧ:** ਕੁਈਨਸ ਬੁੱਕ ਫ਼ੇਅਰ, ਸ੍ਰੀ ਤ੍ਰਿਮੂਰਤੀ ਭਵਨ, ਦੀਵਾਲੀ ਮੋਟਰਕੇਡ ਸ਼ੋਅ

**ਪਹਿਲਾਂ ਦਾ ਸਰਕਾਰੀ ਅਨੁਭਵ:** ਕੁਈਨਸ ਭਾਈਚਾਰੇ ਸਬੰਧੀ ਬੋਰਡ ਦੇ ਮੈਂਬਰ 10, NYC ਸਿੱਖਿਆ ਵਿਭਾਗ SLT

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਐਡ੍ਰਿਅਨ E ਐਡਮਸ (Adrienne E Adams)**<br>ਲੋਕਰਾਜੀ | **ਰੁਸਾਟ ਮੋਹਨ ਰਾਮਗੋਪਾਲ (Rusat Mohan Ramgopal)** ✓<br>ਰਿਪਬਲਿਕਨ, ਕੌਮਨ ਸੈਂਸ |
|---|---|---|
| **ਅਪਰਾਧ** | ਜਨਤਕ ਸੁਰੱਖਿਆ ਵਿੱਚ ਸੁਧਾਰ ਦਾ ਪਹਿਲਾਂ ਤੋਂ ਪਰਖੇ ਹੱਲ ਵਿੱਚ ਪੂੰਜੀਕਾਰੀ ਕਰਨਾ ਹੈ, ਜੋ ਜੁਰਮਾਂ ਨੂੰ ਰੋਕਦੇ ਹਨ: ਨੌਜੁਆਨਾਂ ਦੀ ਸਾਲਸੀ, ਆਰਥਕ ਮੌਕਾ ਅਤੇ ਮਾਨਸਿਕ ਸਿਹਤ ਦਾ ਇਲਾਜ ਅਜਿਹੀ ਪੂੰਜੀਕਾਰੀ ਦੇ ਕੁਝ ਉਦਾਹਰਣ ਹਨ। | "ਪੁਲਿਸ ਨੂੰ ਡਿਫ਼ੰਡ" ਕਰੋ, ਵਾਲੀ ਮੂਰਖਤਾ ਭਰੀ ਰਣਨੀਤੀ, ਜਿਸਦੀ ਹਿਮਾਇਤ ਡੈਮੋਕ੍ਰੈਟਸ ਕਰਦੇ ਸਨ ਸਿਟੀ ਕੌਂਸਲ, ਨੇ NYC ਨੂੰ ਸੰਕਟ ਵਿੱਚ ਪਾ ਦਿੱਤਾ ਹੈ। ਹੁਣ ਲੋਕ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਜੁਰਮ ਵਧ ਗਿਆ ਹੈ, ਜਿਸ ਕਰਕੇ ਗ਼ਰੀਬ ਅਤੇ ਘੱਟਗਿਣਤੀ ਭਾਈਚਾਰਿਆਂ 'ਤੇ ਸਭ ਤੋਂ ਵੱਧ ਅਸਰ ਪੈ ਰਿਹਾ ਹੈ। ਸਾਨੂੰ ਪੁਲਿਸ ਨਾਲ ਕੰਮ ਕਰਨਾ ਚਾਹੀਦਾ ਹੈ, ਨਾ ਕਿ ਉਹਨਾਂ ਦੇ ਖ਼ਿਲਾਫ਼। |
| **ਮਹਿੰਗਾਈ** | ਮਹਿੰਗਾਈ ਇੱਕ ਅਜਿਹਾ ਮਸਲਾ ਹੈ, ਜਿਸਨੇ ਸਾਡੇ 'ਤੇ ਕਾਫ਼ੀ ਅਸਰ ਪਾਇਆ ਹੈ। ਮੱਠੀ ਸਪਲਾਈ-ਲੜੀ ਕਰਕੇ ਰਹਿਣ-ਸਹਿਣ ਦੀ ਵਧਦੀ ਲਾਗਤ ਨੇ ਬਹੁਤ ਜ਼ਿਆਦਾ ਭਾਰ ਪਾਇਆ ਹੈ। ਚੁਣੇ ਗਏ ਲੀਡਰਾਂ ਵਜੋਂ, ਆਪਣੇ ਵਸਨੀਕਾਂ ਦੀਆਂ ਜੇਬਾਂ ਵਿੱਚੋਂ ਨਿਕਲਣ ਵਾਲੀਆਂ ਰਕਮਾਂ ਘੱਟ ਕਰਨ ਲਈ ਸਾਨੂੰ ਆਪਣੇ ਫ਼ੈਡਰਲ ਭਾਈਵਾਲਾਂ ਨਾਲ ਜ਼ਰੂਰ ਕੰਮ ਕਰਨਾ ਚਾਹੀਦਾ ਹੈ। | ਕਰਿਆਨਾ ਸਟੋਰ ਤੋਂ ਲੈਕੇ ਗੈਸ ਪੰਪ ਤੱਕ ਮਹਿੰਗਾਈ ਸਾਰਿਆਂ 'ਤੇ ਅਸਰ ਪਾ ਰਹੀ ਹੈ। NYC ਦੀਆਂ ਲਾਪਰਵਾਹ ਪਾੱਲਿਸੀਆਂ ਅਤੇ ਸਰਕਾਰੀ ਖ਼ਰਚੇ ਨੇ ਮੈਟ੍ਰੋ ਕਾਰਡ ਦੇ ਕਿਰਾਏ ਵਿੱਚ ਨਵੇਂ ਵਾਧੇ ਵਰਗੀ ਸਥਿਤੀ ਵਿੱਚ ਕੋਈ ਮਦਦ ਨਹੀਂ ਕੀਤੀ। ਮੈਨੂੰ ਜਦੋਂ ਵੀ ਮੌਕਾ ਮਿਲਿਆ, ਮੈਂ ਵਧ ਰਹੀਆਂ ਲਾਗਤਾਂ ਲਈ ਜੱਦੋ-ਜਹਿਦ ਕਰਾਂਗਾ। ਤੁਹਾਡੀਆਂ ਜੇਬਾਂ ਖ਼ਾਲੀ ਹੋ ਰਹੀਆਂ ਹਨ, ਜਦਕਿ ਦੂਜਿਆਂ ਨੂੰ ਮੁਫ਼ਤ ਵਸਤਾਂ ਮਿਲ ਰਹੀਆਂ ਹਨ। |
| **ਲੋਕਰਾਜ ਦੀ ਰਾਖੀ ਕਰਨਾ** | ਸਾਡੇ ਪ੍ਰਭਾਵਸ਼ਾਲੀ ਦੇਸ਼ ਦੀ ਕਾਮਯਾਬੀ ਲਈ ਸਭ ਤੋਂ ਉੱਪਰ ਆਪਣੇ ਪਵਿੱਤਰ ਲੋਕਰਾਜ ਦੀ ਰਾਖੀ ਕਰਨਾ ਹੈ। ਇੱਕ ਦੇਸ਼ ਵਜੋਂ, ਇਸ ਦੇਸ਼ ਨੂੰ ਆਪਣਾ ਘਰ ਕਹਿਣ ਵਾਲੇ ਸਾਰੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਅਸੀਂ ਜੋ ਕੁਝ ਕਰ ਸਕਦੇ ਹਾਂ, ਲਈ ਸਭ ਕੁਝ ਜ਼ਰੂਰ ਕਰਨਾ ਚਾਹੀਦਾ ਹੈ। | ਮੇਰੇ ਮਾਤਾ-ਪਿਤਾ ਨੇ ਅਮਰੀਕਾ ਵਿਚਲੇ ਲੋਕਰਾਜ ਕਰਕੇ ਗੁਆਨਾ ਛੱਡਿਆ ਸੀ। ਜਦੋਂ ਸੱਤਾ ਵਿਚਲੇ ਲੋਕਾਂ ਨੂੰ ਮੁਕਾਬਲੇ ਦਾ ਸਾਹਮਣਾ ਨਹੀਂ ਕਰਨਾ ਪੈਂਦਾ, ਤਾਂ ਲੋਕਰਾਜ ਨੂੰ ਨੁਕਸਾਨ ਪਹੁੰਚਦਾ ਹੈ, ਉਹ ਮੰਨਦੇ ਹਨ ਕਿ ਉਹਨਾਂ ਦੀ ਸੱਤਾ ਦੀ ਗਰੰਟੀ ਹੈ ਅਤੇ ਲੋਕਾਂ ਨੂੰ ਨਜ਼ਰਅੰਦਾਜ਼ ਕਰਦਿਆਂ, ਉਹਨਾਂ ਦੀ ਸੇਵਾ ਕਰਨੀ ਬੰਦ ਕਰ ਦਿੰਦੇ ਹਨ। NY ਵਿੱਚ ਡੈਮੋਕ੍ਰੈਟਸ ਨਾਲ ਹੁਣ ਇਹੀ ਹੋਇਆ ਹੈ। ਆਓ, ਉਸਨੂੰ 7 ਨਵੰਬਰ ਨੂੰ ਬਦਲੀਏ। |

# ਉਮੀਦਵਾਰ ਦੇ ਵੀਡੀਓ ਵੇਖੋ

**ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/candidates 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 29

**ਲੋਕਰਾਜੀ**

- ਲਿਨ C ਸ਼ੁਲਮੈਨ (Lynn C Schulman)

**ਰਿਪਬਲਿਕਨ, ਕੰਜ਼ਰਵੇਟਿਵ**

- ਡੈਨੀਅਲ ਮਾਇਓ (Danniel Maio)

**ਕਾੱਮਨ ਸੈਂਸ**

- ਸੁਖੀ ਸਿੰਘ (Sukhi Singh)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਲਿਨ C ਸ਼ੁਲਮੈਨ (Lynn C Schulman)

ਲੋਕਰਾਜੀ

**ਮੁੱਖ 3 ਮਸਲੇ:**

1. ਸਿਹਤ ਸੰਭਾਲ ਵਿੱਚ ਸੁਧਾਰ ਕਰਨਾ; ਹਸਪਤਾਲ ਦੀ ਸਮਰੱਥਾ ਸਿਰਜਣਾ
2. ਸਾਡੇ ਸਥਾਨਕ ਸਕੂਲਾਂ ਵਿੱਚ ਪੂੰਜੀ ਲਾਉਣੀ
3. ਆਪਣੇ ਸੀਨੀਅਰਾਂ ਅਤੇ ਰਿਟਾਇਰ ਲੋਕਾਂ ਦੀ ਮਦਦ ਕਰਨੀ

*“ਮੈਂ ਨਿਊ ਯਾਰਕ ਦੇ ਸਾਰੇ ਵਸਨੀਕਾਂਲਈ ਕਿਫ਼ਾਇਤੀ ਸਿਹਤ ਸੰਭਾਲ ਅਤੇ ਮੁਹੱਈਆ ਕਰਦੇ ਰਹਿਣਲਈ ਮੁੜ ਚੁਣੇ ਜਾਣ ਲਈ ਚੋਣ ਲੜ ਰਹੀ ਹਾਂ।. ਆਪਣੀ ਪਹਿਲੀ ਮਿਆਦ ਵਿੱਚ, ਸਿਹਤ ਕਮੇਟੀ ਦੀ ਪ੍ਰਧਾਨ ਵਜੋਂ, ਮੈਂ ਔਰਤਾਂ ਦੀ ਸਿਹਤ ਵਿੱਚ ਸੁਧਾਰ ਕਰਕੇ, ਪਹਿਲੀ ਸਿਟੀਵਾਇਡ ਡਾਇਬਿਟੀਜ਼ ਰਿਡਕਸ਼ਨ ਪਲਾਨ ਦੀ ਸ਼ੁਰੂਆਤ ਕਰਕੇ ਅਤੇ ਬਜ਼ੁਰਗਾਂ ਲਈ ਸਿਹਤ ਵਿਕਲਪਾਂ ਵਿੱਚ ਸੁਧਾਰ ਕਰਕੇ, ਸ਼ਹਿਰ ਨੂੰ ਸਿਹਤਮੰਦ ਬਣਾਉਣ ਵਿੱਚ ਮਦਦ ਕੀਤੀ ਸੀ।*

*ਜਿਵੇਂ ਕਿ ਅਸੀਂ ਆਪਣੀ ਜ਼ਿੰਦਗੀ ਦੇ ਸਭ ਤੋਂ ਭੈੜੇ ਪਬਲਿਕ ਸਿਹਤ ਸੰਕਟ ਤੋਂ ਉਭਰ ਰਹੇ ਹਾਂ, ਹੁਣ ਪਹਿਲਾਂ ਨਾਲੋਂ ਵੀ ਵੱਧ, ਸਿਟੀ ਕੌਂਸਲ ਵਿੱਚ ਇੱਕ ਮਜ਼ਬੂਤ, ਸੁਤੰਤਰ, ਅਵਾਜ਼ ਹੋਣੀ ਬਹੁਤ ਮਹੱਤਵਪੂਰਣ ਹੈ, ਜੋ ਕਿ ਫ਼ੌਰੈਸਟ ਹਿਲਸ, ਕੇਵ ਗਾਰਡਨ, ਰਿਚਮੰਡ ਹਿੱਲ ਅਤੇ ਰੈਗੋ ਪਾਰਕ ਦੀ ਨੁਮਾਇੰਦਗੀ ਕਰਦੀ ਹੋਵੇ।”*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** NYC ਹੈਲਥ ਐਂਡ ਹੌਸਪਿਟਲਸ ਕਾਰਪੋਰੇਸ਼ਨ; FDNY-EMS

**ਸਿੱਖਿਆ:** ਹਾਰਵਰਡ ਐਗਜ਼ੀਕਿਉਟਿਵ ਲੀਡਰਸ਼ਿਪ ਪ੍ਰੋਗਰਾਮ; JD – ਬਰੁਕਲਿਨ ਲੱਾਅ ਸਕੂਲ; BA - NYU

**ਸੰਸਥਾਗਤ ਸਬੰਧ:** CB 6, CEC 28, 112ਵੀਂ ਪ੍ਰਿਸਿੰਕਟ ਕੌਂਸਲ

**ਪਹਿਲਾਂ ਦਾ ਸਰਕਾਰੀ ਅਨੁਭਵ:** NYC ਕੌਂਸਲ; NYS ਵਿਧਾਨ ਸਭਾ;

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਡੈਨੀਅਲ ਮਾਇਓ (Danniel Maio)

ਰਿਪਬਲਿਕਨ, ਕੰਜ਼ਰਵੇਟਿਵ

**ਮੁੱਖ 3 ਮਸਲੇ:**

1. ਜੁਰਮ, ਵੋਟ ਰਿਪਬਲਿਕਨ
2. ਟੈਕਸ ਅਤੇ ਕੂੜਾ-ਕਚਰਾ, ਵੋਟ ਕੰਜ਼ਰਵੇਟਿਵ
3. ਸੱਚਾਈ ਅਤੇ ਜਵਾਬਦੇਹੀ, ਵੋਟਰਾਂ ਦੀ ਮੰਗ

*"ਵੋਟਰ ਗਾਈਡ ਪੜ੍ਹਣ ਲਈ ਸ਼ੁਕਰੀਆ!*

*ਪੌਲੀਟਿਕਸ, ਪੌਲੀਟ੍ਰਿਕਸ ਦੀ ਖੇਡ ਹੈ। ਜੇਤੂਆਂ ਦੀ ਜੇਬ ਭਰੀ ਰਹਿੰਦੀ ਹੈ; ਹਾਰਣ ਵਾਲੇ ਡੁੱਬ ਜਾਂਦੇ ਹਨ। ਸੱਤਾ ਵਿੱਚ ਕੋਈ ਹਿੱਸੇਦਾਰੀ ਨਹੀਂ, ਕੋਈ ਵਿਚਾਰ-ਚਰਚਾ ਨਹੀਂ, ਵੇਰਵਿਆਂ ਬਾਰੇ ਚੁੱਪੀ, ਨੇਮ ਉਸ ਸਮੇਂ ਹੀ ਲਾਗੂ ਕੀਤੇ ਜਾਂਦੇ ਹਨ, ਜਦੋਂ ਇਹ ਲਾਭਕਾਰੀ ਹੋਣ, ਨਿਰਪੱਖਤਾ ਦੇ ਅਧਾਰ 'ਤੇ ਨਹੀਂ ਹੁੰਦੇ। ਡੈਨੀਅਲ ਮਾਇਓ (Danniel Maio) ਦਾ ਇਰਾਦਾ ਇਹਨਾਂ ਸਿਆਸੀ ਚਾਲਾਂ ਦਾ ਪਾਜ਼ ਉਘਾੜਣਾ ਹੈ।"*

**ਮੌਜੂਦਾ ਕੰਮ-ਧੰਦਾ:** ਆਇਡੈਂਟਿਟੀ ਮੈਪ ਕੰਪਨੀ ਵਿਖੇ ਮੈਪ ਮੇਕਰ ਅਤੇ ਡਾਟਾ ਅਨੈਲਿਸਟ

**ਪਿਛਲਾ ਕੰਮ-ਧੰਦਾ:** ਵੈਸਟਿੰਗਹਾਉਸ ਇਲੈਕਟ੍ਰਿਕ ਵਿਖੇ ਖ਼ਰੀਦਾਰ; ਐਪਸਟੀਨ ਬੈਕਰ ਐਂਡ ਗ੍ਰੀਨ ਵਿਖੇ ਪੈਰਾਲੀਗਲ

**ਸਿੱਖਿਆ:** ਚਾਮਿੰਡੇ ਯੂਨੀਵਰਸਿਟੀ (ਹੋਨੋਲੂਲੂ, HI) ਤੋਂ MS; ਅਮਰੀਕਨ ਯੂਨੀਵਰਸਿਟੀ (ਵਾੱਸ਼ਿੰਗਟਨ, DC) ਤੋਂ ਇੰਟਰਨੈਸ਼ਨਲ ਸਟਡੀਜ਼ ਵਿੱਚ BA

**ਸੰਸਥਾਗਤ ਸਬੰਧ:** ਸੈਂਟ੍ਰਲ ਕੁਈਨਸ ਰਿਪਬਲਿਕਨ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** 2001, 2008, 2016, 2020, 2022 ਵਿੱਚ ਸਿਆਸੀ ਉਮੀਦਵਾਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ



## ਸੁਖੀ ਸਿੰਘ (Sukhi Singh)

ਕਾੱਮਨ ਸੈਂਸ

**ਮੁੱਖ 3 ਮਸਲੇ:**

1. ਵਿਦਿਅਕ ਬਜਟ ਵਿੱਚ ਕਟੌਤੀ ਨਹੀਂ
2. ਸੁਰੱਖਿਅਤ ਸੜਕਾਂ ਬਣਾਉਣ ਲਈ ਵਚਨਬੱਧ
3. ਕਿਰਾਏ ਦੇ ਸਥਿਰੀਕਰਨ ਕਾਨੂੰਨਾਂ ਦਾ ਵਿਸਤਾਰ ਕਰਨਾ

*"1-ਪੜ੍ਹਾਈ ਲਈ ਸ਼ਹਿਰ ਦੇ ਕਿਸੇ ਵੀ ਬਜਟ ਕਟੌਤੀ ਲਈ ਵੋਟ "ਨਹੀਂ"*

*2-ਸਾਰੇ ਸਥਾਨਕ ਭਾਈਚਾਰਿਆਂ ਲਈ ਸੜਕਾਂ ਨੂੰ ਸੁਰੱਖਿਅਤ ਬਣਾਉਣ ਅਤੇ ਨਫ਼ਰਤੀ ਜੁਰਮਾਂ ਅਤੇ ਹਿੰਸਾ ਨਾਲ ਨਜਿੱਠਣ ਲਈ ਵਾਅਦਾ*

*3-ਦਹਾਕਿਆਂ ਪੁਰਾਣੇ ਕਾਨੂੰਨਾਂ, ਜੋ ਕਿਸੇ ਕੰਮ ਦੇ ਨਹੀਂ ਹਨ, ਵਿੱਚ ਤਬਦੀਲੀਆਂ ਕਰਨ ਦੀ ਤਜਵੀਜ਼ ਦੇਕੇ ਕਿਰਾਏ ਨੂੰ ਸਾਵਾਂ ਕਰਨ ਵਾਲੇ ਕਾਨੂੰਨਾਂ ਦਾ ਪਸਾਰ ਕਰਨਾ ਅਤੇ ਕਿਰਾਏਦਾਰਾਂ ਅਤੇ ਮਕਾਨ-ਮਾਲਕਾਂ, ਦੋਹਾਂ ਦੀ ਰਾਖੀ ਕਰਨਾ*

*4-ਸਾਰੀਆਂ ਸਰਕਾਰੀ ਏਜੰਸੀਆਂ ਅਤੇ ਵਿਭਾਗਾਂ ਵਿੱਚ ਸਾਰੀਆਂ ਭਾਸ਼ਾਵਾਂ ਨੂੰ ਯਕੀਨੀ ਬਣਾਉਣਾ*

*5-ਸੈਂਟ੍ਰਲ ਅਤੇ ਸਾਊਥ ਈਸਟਰਨ ਕੁਈਨਸ ਲਈ ਆਵਾਜਾਈ ਦੀ ਪਹੁੰਚਯੋਗਤਾ ਵਧਾਉਣ ਲਈ ਕੁਈਨਸਲਿੰਕ ਵਾਸਤੇ ਮਦਦ ਕਰਨੀ"*

**ਮੌਜੂਦਾ ਕੰਮ-ਧੰਦਾ:** IT ਸਲਾਹਕਾਰ

**ਪਿਛਲਾ ਕੰਮ-ਧੰਦਾ:** IT ਸਲਾਹਕਾਰ

**ਸਿੱਖਿਆ:** ਕਾੱਲਿਜ

**ਸੰਸਥਾਗਤ ਸਬੰਧ:** ਦਿ ਸਿੱਖ ਕਲਚਰਲ ਸੁਸਾਇਟੀ ਇੰਕ.

**ਪਹਿਲਾਂ ਦਾ ਸਰਕਾਰੀ ਅਨੁਭਵ:** ਡਿਸਟ੍ਰਿਕਟ ਲੀਡਰ ਉਮੀਦਵਾਰ 2022

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | ਲਿਨ C ਸ਼ੁਲਮੈਨ (Lynn C Schulman) ✓<br>ਲੋਕਰਾਜੀ | ਡੈਨੀਅਲ ਮਾਇਓ (Danniel Maio) ✓<br>ਰਿਪਬਲਿਕਨ, ਕੰਜ਼ਰਵੇਟਿਵ |
|---|---|---|
| **ਅਪਰਾਧ** | ਸਰਕਾਰ ਦੀ ਪਹਿਲੀ ਜ਼ਿੰਮੇਵਾਰੀ ਲੋਕਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਉਣਾ ਹੈ। ਜਨਤਕ ਸੁਰੱਖਿਆ ਇੱਕ ਜਟਿਲ ਮੁੱਦਾ ਹੈ, ਇਸ ਲਈ ਕਈ ਪੱਧਰਾਂ ਦੀ ਪੂੰਜੀਕਾਰੀ ਦੀ ਲੋੜ ਹੁੰਦੀ ਹੈ, ਇਸ ਵਿੱਚ ਹਿੰਸਾ ਨੂੰ ਰੋਕਣ ਵਾਲਿਆਂ ਲਈ ਫ਼ੰਡਿੰਗ, ਮਾਨਸਿਕ ਸਿਹਤ ਸੇਵਾਵਾਂ ਵਿੱਚ ਵਾਧਾ ਕਰਨਾ, NYPD ਦੀ ਸ਼ਮੂਲੀਅਤ, ਅਤੇ ਸਾਡੇ ਭਾਈਚਾਰਕ ਭਾਈਵਾਲਾਂ ਤੋਂ ਪੂੰਜੀ ਲੈਣਾ ਸ਼ਾਮਿਲ ਹਨ। | ਜ਼ਮਾਨਤ ਸੁਧਾਰ ਕਾਨੂੰਨ ਸੰਗੀਨ ਜੁਰਮਾਂ ਨੂੰ ਵੀ ਜਾਇਜ਼ ਠਹਿਰਾ ਦਿੱਤਾ ਹੈ। NYPD ਦੇ ਹੱਥ ਬੱਝੇ ਹੋਏ ਹਨ ਅਤੇ ਨਿਰਉਤਸਾਹ ਹੈ; ਕਾਨੂੰਨ ਮੰਨਣ ਵਾਲੇ ਨਾਗਰਿਕ ਮੁਜਰਿਮਾਂ ਅਤੇ ਕਾਨੂੰਨੀ ਸਿਸਟਮ ਦੀ ਦੂਹਰੀ ਮਾਰ ਦੇ ਅਸਰ ਹੇਠ ਹਨ। ਬੰਸ, ਦੌਲਤ ਜਾਂ ਲਿੰਗ ਦੇ ਅਧਾਰ 'ਤੇ ਸੁਰੱਖਿਆ ਨੂੰ ਤਰਜੀਹ ਦੇਣਾ ਬਿਲਕੁਲ ਗ਼ਲਤ ਹੈ! ਨਫ਼ਰਤੀ ਜੁਰਮਾਂ 'ਤੇ ਬਹੁਤਾ ਧਿਆਨ ਕਿਉਂ ਨਹੀਂ ਦਿੱਤਾ ਜਾਣਾ ਚਾਹੀਦਾ? |
| **ਮਹਿੰਗਾਈ** | ਜਿਵੇਂ-ਜਿਵੇਂ ਅਸੀਂ ਆਪਣੀ ਜ਼ਿੰਦਗੀ ਦੇ ਸਭ ਤੋਂ ਭੈੜੇ ਪਬਲਿਕ ਸਿਹਤ ਸੰਕਟ ਤੋਂ ਉਭਰ ਰਹੇ ਹਾਂ, ਮਹਿੰਗਾਈ ਵਿੱਚ ਨਾਟਕੀ ਵਾਧਾ ਹੋਇਆ ਹੈ, ਅਤੇ ਕੰਮਕਾਜੀ ਪਰਿਵਾਰਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ। ਮੈਂ ਮਹਿੰਗਾਈ ਦੀ ਦਰ ਦੇ ਅਧਾਰ 'ਤੇ ਸਲਾਨਾ ਘੱਟੋ-ਘੱਟ ਉਜਰਤ ਵਧਾਉਣ ਵਾਸਤੇ NYS ਕਾਨੂੰਨ ਦੀ ਹਿਮਾਇਤ ਕਰਦੀ ਹਾਂ। ਇਹ, ਕੰਮ ਕਰਨ ਵਾਲੇ ਨਿਊ ਯਾਰਕ ਵਾਸੀਆਂ ਲਈ ਮਾਲੀ ਸਥਿਰਤਾ ਨੂੰ ਯਕੀਨੀ ਬਣਾਏਗਾ। | ਪੈਕੇਜ ਚੋਰ, ਸੇਵਾਵਾਂ ਲਈ ਸਰਚਾਰਜ, ਰਿਅਲ ਐਸਟੇਟ ਵਿੱਚ ਵਾਧਾ, ਸਹੁੰ, ਕਿਰਾਇਆ ਚੋਰੀ, ਘਰਾਂ ਅਤੇ ਗੈਸ/ਬਿਜਲੀ/ਪਾਣੀ 'ਤੇ ਜਲਵਾਯੂ-ਤਬਦੀਲੀ ਟੈਕਸ, $112 ਅਰਬ ਦਾ ਸਿਟੀ ਬਜਟ... ਮਹਿੰਗਾਈ ਵਧਾਉਣ ਵਾਲੀਆਂ ਸਰਕਾਰ ਦੀਆਂ ਕਾਰਵਾਈਆਂ ਰੋਕਣ ਅਤੇ ਕੰਟਰੋਲ ਕਰਨ ਦੀ ਲੋੜ ਹੈ। ਜੇ ਗ਼ਲਤ ਜਾਂ ਅਢੁਕਵਾਂ ਹੈ, ਤਾਂ ਟੈਕਸ ਅਦਾ ਕਰਨ ਵਾਲੇ ਨੂੰ ਰਿਫ਼ੰਡ ਕਰਨਾ! |
| **ਲੋਕਰਾਜ ਦੀ ਰਾਖੀ ਕਰਨਾ** | ਅਜ਼ਾਦੀ ਦੀਆਂ ਕਦਰਾਂ-ਕੀਮਤਾਂ ਅਤੇ ਮਨੁੱਖੀ ਹੱਕਾਂ ਦਾ ਸਤਿਕਾਰ ਕਰਨਾ ਲੋਕਰਾਜ ਦੇ ਜ਼ਰੂਰੀ ਤੱਤ ਹਨ। ਸਾਡੀਆਂ ਲੋਕਰਾਜੀ ਸੰਸਥਾਵਾਂ ਨੂੰ ਰਾਸ਼ਟਰੀ ਅਤੇ ਸਥਾਨਕ ਤੌਰ 'ਤੇ ਹਕੂਮਤ ਦੀ ਕਿਸੇ ਵੀ ਦੁਰਵਰਤੋਂ ਤੋਂ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। | ਅਹੁਦੇਦਾਰਾਂ ਖ਼ਿਲਾਫ਼ ਵੋਟ ਪਾਉਣੀ। ਜੇ ਮੁਕਾਬਲਾ ਹੈ, ਤਾਂ ਲੋਕਰਾਜ ਵਧੀਆ ਕੰਮ ਕਰਦਾ ਹੈ। ਇਸ ਸਾਲ, 15 ਸਿਟੀ ਕੌਂਸਲ ਦੀਆਂ ਚੋਣਾਂ ਵਿੱਚ ਕੋਈ ਵਿਰੋਧੀ ਉਮੀਦਵਾਰ ਨਹੀਂ ਹਨ! |

## ਸੁਖੀ ਸਿੰਘ (Sukhi Singh)

ਕੱਮਨ ਸੈਂਸ

ਆਮ ਤੌਰ 'ਤੇ ਨਫ਼ਰਤੀ ਅਪਰਾਧਾਂ ਅਤੇ ਹਿੰਸਾ ਨਾਲ ਨਜਿੱਠਣ ਲਈ ਵੱਖ-ਵੱਖ ਵਿਦਿਅਕ ਪ੍ਰੋਗਰਾਮਾਂ ਨੂੰ ਫੰਡ ਦੇ ਕੇ ਸਾਰੇ ਭਾਈਚਾਰਿਆਂ ਲਈ ਸੁਰੱਖਿਅਤ ਸੜਕ ਬਣਾਉਣ ਲਈ ਵਚਨਬੱਧ

ਸਾਨੂੰ ਹਰ ਚੀਜ਼ ਨੂੰ ਆਯਾਤ ਕਰਨ ਦੀ ਬਜਾਏ ਸਥਾਨਕ ਕਿਸਾਨਾਂ, ਨਿਰਮਾਤਾਵਾਂ ਅਤੇ ਸਥਾਨਕ ਛੋਟੇ ਕਾਰੋਬਾਰਾਂ ਨੂੰ ਘਰੇਲੂ ਅਰਥਵਿਵਸਥਾ ਵਿੱਚ ਉਤਪਾਦਨ ਪੈਦਾ ਕਰਨ ਲਈ ਫੰਡ ਦੇਣਾ ਚਾਹੀਦਾ ਹੈ

ਅਸੀਂ ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰ ਹਾਂ ਅਤੇ ਇਸ ਨੂੰ ਨਿਰਪੱਖ ਅਤੇ ਪਾਰਦਰਸ਼ੀ ਰੱਖਣ ਦੇ ਯੋਗ ਹੋਣ ਲਈ ਸਾਨੂੰ ਆਪਣੇ ਚੋਣ ਬੋਰਡ ਨੂੰ ਸਹੀ ਢੰਗ ਨਾਲ ਫੰਡ ਕੀਤੇ ਜਾਣ ਨਾਲ ਪੂਰੀ ਤਰ੍ਹਾਂ ਨਾਲ ਸਰੋਤਾਂ ਨਾਲ ਭਰਪੂਰ ਕਰਨਾ ਚਾਹੀਦਾ ਹੈ

# ਫ਼ੌਲੋ ਕਰੋ NYC Votes

**ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ੌਲੋ ਕਰ ਸਕਦੇ ਹੋ**

**@nycvotes**

# ਸਿਟੀ ਕੌਂਸਲ ਡਿਸਟ੍ਰਿਕਟ 30

**ਡੈਮੋਕ੍ਰੈਟਿਕ, ਰਿਪਬਲਿਕਨ, ਕੰਜ਼ਰਵੇਟਿਵ, ਐਨੀਮਲ ਵੈਲਫ਼ੇਅਰ, ਮੈਡੀਕਲ ਫ਼੍ਰੀਡਮ ਪਾਰਟੀ**

- ਰੌਬਰਟ ਫ਼੍ਰਾਂਸਿਸ ਹੋਲਡਨ (Robert Francis Holden)

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਰੌਬਰਟ ਫ਼੍ਰਾਂਸਿਸ ਹੋਲਡਨ (Robert Francis Holden)

ਡੈਮੋਕ੍ਰੈਟਿਕ, ਰਿਪਬਲਿਕਨ, ਕੰਜ਼ਰਵੇਟਿਵ, ਐਨੀਮਲ ਵੈਲਫ਼ੇਅਰ, ਮੈਡੀਕਲ ਫ਼੍ਰੀਡਮ ਪਾਰਟੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਜ਼ਿੰਦਗੀ ਦਾ ਮਿਆਰ
3. ਸਿੱਖਿਆ

*"ਕੌਂਸਲ ਮੈਂਬਰ ਵਜੋਂ, ਮੈਂ ਆਪਣੇ ਸੰਘਟਕਾਂ ਲਈ ਜ਼ਿੰਦਗੀ ਦੇ ਮਿਆਰ ਵਿੱਚ ਸੁਧਾਰ ਕਰਨ ਲਈ ਵਚਨਬੱਧ ਹਾਂ। ਇਸ ਖੇਤਰ ਵਿੱਚ ਪੀੜ੍ਹੀਆਂ ਤੱਕ ਫੈਲੀਆਂ ਮੇਰੀਆਂ ਗਹਿਰੀਆਂ ਜੜ੍ਹਾਂ, ਭਾਈਚਾਰੇ ਦੀ ਸੇਵਾ ਕਰਨ ਲਈ ਮੈਨੂੰ ਇੱਕ ਬੇਮਿਸਾਲ ਨਜ਼ਰੀਆ ਅਤੇ ਜਨੂਨ ਦਿੰਦੀਆਂ ਹਨ। ਮੈਂ ਬੇਖ਼ੌਫ਼ ਹੋਕੇ ਸਾਡੇ ਸ਼ਹਿਰ ਨੂੰ ਦਰਪੇਸ਼ ਵੰਗਾਰਾਂ ਦਾ ਮੁਕਾਬਲਾ ਕੀਤਾ ਹੈ ਅਤੇ ਸਾਡੇ ਸਕੂਲਾਂ, ਪਾਰਕਾਂ ਅਤੇ ਸੀਨੀਅਰ ਸੈਂਟਰਾਂ ਲਈ ਰਿਕਾੱਰਡ ਫ਼ੰਡਿੰਗ ਹਾਸਿਲ ਕਰਨ 'ਤੇ ਮਾਣ ਹੈ। ਜਨਤਕ ਸੁਰੱਖਿਆ, ਜ਼ਿੰਦਗੀ ਦੇ ਮਿਆਰ ਅਤੇ ਸੰਘਟਕ ਸੇਵਾਵਾਂ ਲਈ ਮੇਰੇ ਸਮਰਪਣ ਨੇ ਮੈਨੂੰ NYC ਦੇ ਤਿੰਨ ਕੌਂਸਲ ਮੈਂਬਰਾਂ ਵਿੱਚੋਂ ਇੱਕ ਦੇ ਤੌਰ 'ਤੇ ਮੈਨੂੰ ਮਾਣ ਬਖ਼ਸ਼ਿਆ ਹੈ। ਯੂਨੀਅਨ ਮੈਂਬਰ, ਸਿਵਿਕ ਲੀਡਰ ਅਤੇ ਚੁਣੇ ਹੋਏ ਅਧਿਕਾਰੀ ਵਜੋਂ ਮੇਰੇ ਣ 48 ਸਾਲ ਦੇ ਅਨੁਭਵ ਨਾਲ, ਮੈਂ ਆਪਣੇ ਕੰਮ ਆਮ-ਸਮਝ ਨਾਲ ਸਿਰੇ ਚਾੜ੍ਹਦਾ ਹਾਂ ਅਤੇ ਤੁਹਾਡੇ ਲਈ ਸੰਘਰਸ਼ ਜਾਰੀ ਰੱਖਾਂਗਾ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਕਾੱਲਿਜ ਪ੍ਰੋਫ਼ੈਸਰ

**ਪੜ੍ਹਾਈ:** MFA

**ਸੰਸਥਾਗਤ ਸਬੰਧ:** ਜੁਨੀਪਰ ਪਾਰਕ ਸਿਵਿਕ ਐਸੋਸੀਏਸ਼ਨ

**ਪਹਿਲਾਂ ਦਾ ਸਰਕਾਰੀ ਅਨੁਭਵ:** ਨਿਊਯਾੱਰਕ ਸਿਟੀ ਕੌਂਸਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

## ਰੌਬਰਟ ਫ੍ਰਾਂਸਿਸ ਹੋਲਡਨ (Robert Francis Holden) ✓

ਡੈਮੋਕ੍ਰੈਟਿਕ, ਰਿਪਬਲਿਕਨ, ਕੰਜ਼ਰਵੇਟਿਵ, ਐਨੀਮਲ ਵੈਲਫ਼ੇਅਰ, ਮੈਡੀਕਲ ਫ੍ਰੀਡਮ ਪਾਰਟੀ

| | |
|---|---|
| **ਅਪਰਾਧ** | ਮੈਂ ਆਪਣੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਹਿਮਾਇਤ ਕਰਦਾ ਹਾਂ, ਜਿਸ ਵਿੱਚ NYPD, ਸੁਧਾਰ ਅਫ਼ਸਰ, ਅੱਗ ਬੁਝਾਉਣ ਵਾਲੇ, EMS ਵਰਕਰ, ਅਤੇ ਸਾਬਕਾ ਫ਼ੌਜੀ ਸ਼ਾਮਿਲ ਹਨ। ਜਨਤਕ ਸੁਰੱਖਿਆ ਤੋਂ ਬਿਨਾ, ਅਸੀਂ ਆਪਣਾ ਸ਼ਹਿਰ ਗੁਆ ਬੈਠਾਂਗੇ ਅਤੇ NYC ਤੋਂ ਵੱਡੇ ਪੱਧਰ 'ਤੇ ਕੂਚ ਕਰਨਾ ਜਾਰੀ ਰਹੇਗਾ। |
| **ਮਹਿੰਗਾਈ** | ਮੱਧ ਅਤੇ ਕੰਮਕਾਜੀ-ਸ਼੍ਰੇਣੀ ਦੇ ਗੁਆਂਢਚਾਰੇ ਮਹਿੰਗਾਈ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ, ਜੋ ਕਿ ਵੱਡੇ ਪੱਧਰ 'ਤੇ ਊਰਜਾ ਦੀ ਬਹੁਤ ਜ਼ਿਆਦਾ ਕੀਮਤ ਅਤੇ ਕੰਟਰੋਲ ਤੋਂ ਬਾਹਰ ਦੇ ਸਰਕਾਰੀ ਖ਼ਰਚਿਆਂ ਰਾਹੀਂ ਹੁੰਦਾ ਹੈ। ਇਹਨਾਂ ਮੁੱਦਿਆਂ ਨੂੰ ਹੱਲ ਕਰਨ ਲਈ, ਸਾਡੇ ਦੇਸ਼ ਨੂੰ ਊਰਜਾ ਸੁਤੰਤਰ ਬਣਨ ਵੱਲ ਕਦਮ ਚੁੱਕਣੇ ਚਾਹੀਦੇ ਹਨ |
| **ਲੋਕਰਾਜ ਦੀ ਰਾਖੀ ਕਰਨਾ** | ਵੱਖ-ਵੱਖ ਤਰ੍ਹਾਂ ਦੇ ਵਿਚਾਰਾਂ ਅਤੇ ਰਾਇ ਨੂੰ ਮੰਜ਼ੂਰੀ ਦੇਣਾ ਅਤੇ ਉਤਸਾਹਿਤ ਕਰਨਾ, ਸਾਡੇ ਲੋਕਰਾਜ ਦੀ ਰਾਖੀ ਕਰਨ ਲਈ ਸਭ ਤੋਂ ਮਹੱਤਵਪੂਰਣ ਹੈ। ਦੂਜਿਆਂ ਦੇ ਵਿਚਾਰਾਂ ਨੂੰ ਸੁਣਨਾ ਵੀ ਜ਼ਰੂਰੀ ਹੈ। ਬਹੁਤ ਸਾਰੇ ਲੋਕ ਬਹਿਸ ਨੂੰ ਬੰਦ ਕਰਨ ਦੇ ਪੱਖ ਵਿੱਚ ਹਨ ਅਤੇ ਲੱਗ ਰਿਹਾ ਹੈ ਕਿ ਮੀਡੀਆ ਇਸਨੂੰ ਵਧਾ ਰਿਹਾ ਹੈ। |

## ਚੋਣ ਅਲਰਟ ਪ੍ਰਾਪਤ ਕਰੋ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 31

**ਲੋਕਰਾਜੀ**

- ਸੈਲਵਿਨਾ N ਬਰੂਕਸ-ਪਾੱਵਰਸ (Selvena N Brooks-Powers)

**ਰਿਪਬਲਿਕਨ, ਮੈਡ ਐਜ਼ ਹੈਲ, ਪੇਰੇਂਟ ਪਾਰਟੀ**

- ਡੇਨੀਅਲਾ ਮੇਅ (Daniella May) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਸੈਲਵਿਨਾ N ਬਰੂਕਸ-ਪਾੱਵਰਸ (Selvena N Brooks-Powers)

ਲੋਕਰਾਜੀ

**ਮੁੱਖ 3 ਮਸਲੇ:**

1. ਜ਼ਿੰਦਗੀ ਦਾ ਮਿਆਰ
2. ਰਿਹਾਇਸ਼
3. ਭਾਈਚਾਰਕ ਵਿਕਾਸ ਅਤੇ ਬੁਨਿਆਦੀ ਢਾਂਚਾ

*"2021 ਵਿੱਚ ਚੁਣੇ ਜਾਣ ਤੋਂ ਬਾਅਦ, ਅਸੀਂ ਜਨਤਕ ਸੁਰੱਖਿਆ, ਇੱਕ ਬਿਲਕੁਲ ਨਵੇਂ ਸਕੂਲ ਦੀ ਨੀਂਹ ਰੱਖਣ, ਬਜ਼ੁਰਗ ਬਾਲਗ਼ ਸੈਂਟਰ ਅਤੇ ਅਤਿ-ਆਧੁਨਿਕ ਸਾੱਕਰ ਫ਼ੀਲਡ ਲਈ $100 ਤੋਂ ਵੱਧ ਦੀ ਰਕਮ ਪ੍ਰਾਪਤ ਕਰਕੇ ਕਾਮਯਾਬੀ ਹਾਸਿਲ ਕੀਤੀ ਹੈ। ਇਹ ਸਭ ਕੁਝ ਏਜੰਸੀਆਂ ਨੂੰ ਸਾਡੀਆਂ ਜ਼ਰੂਰਤਾਂ ਲਈ ਜਵਾਬਦੇਹ ਬਣਾਈ ਰੱਖਦਿਆਂ, ਅਸੀਂ ਆਪਣੇ ਨੌਜੁਆਨਾਂ, ਬਜ਼ੁਰਗਾਂ ਅਤੇ ਪਾਰਕਾਂ ਵਿੱਚ ਰਿਕਾੱਰਡ ਫ਼ੰਡਿੰਗ ਕਰ ਰਹੇ ਹਾਂ। ਮੈਂ ਸਿਹਤ ਨਾਲ ਜੁੜੇ ਆਪਣੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਟ੍ਰੌਮਾ ਟਾਸਕਫ਼ੋਰਸ ਦੀ ਸ਼ੁਰੂਆਤ ਵੀ ਕੀਤੀ ਹੈ। ਮੈਂ ਫਿਰ ਤੋਂ ਚੋਣ ਲੜ ਰਹੀ ਹਾਂ, ਕਿਉਂਕਿ ਅਜੇ ਬਹੁਤ ਸਾਰਾ ਕਰਨ ਵਾਲਾ ਕੰਮ ਬਾਕੀ ਹੈ।"*

**ਮੌਜੂਦਾ ਕੰਮ-ਧੰਦਾ:** NYC ਕੌਂਸਲਮੈਂਬਰ

**ਪਿਛਲਾ ਕੰਮ-ਧੰਦਾ:** JFK ਰੀਡਿਵੈਲਪਮੈਂਟ ਕਮਿਊਨਿਟੀ ਆਊਟਰੀਚ ਅਤੇ ਵਿਦੇਸ਼ੀ ਮਾਮਲਿਆਂ ਬਾਰੇ ਡਾਇਰੈਕਟਰ, ਕਮਿਊਨਿਕੇਸ਼ਨਸ ਡਾਇਰੈਕਟਰ, SEIU ਅੰਤਰਰਾਸ਼ਟਰੀ ਅਤੇ NYC ਮੇਅਰ ਦਾ ਦਫ਼ਤਰ

**ਪੜ੍ਹਾਈ:** ਅੰਤਰਰਾਸ਼ਟਰੀ ਕਾਨੂੰਨ, MS, NYU; ਸਮਾਜ-ਸ਼ਾਸਤਰ, BA, ਵਿਲਫ਼ੋਰਸ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਡੈਲਟਾ ਸਿਗਮਾ ਥੀਟਾ ਸੋਰੋਰਿਟੀ, ਇੰਕ., ਗ੍ਰੇਟਰ ਐਲਨ AME

**ਪਹਿਲਾਂ ਦਾ ਸਰਕਾਰੀ ਅਨੁਭਵ:** NYC ਕੌਂਸਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਡੇਨੀਅਲਾ ਮੇਅ (Daniella May) ☑

ਰਿਪਬਲਿਕਨ, ਮੈਡ ਐਜ਼ ਹੈਲ, ਪੇਰੇਂਟ ਪਾਰਟੀ

**ਮੁੱਖ 3 ਮਸਲੇ:**

1. ਫ਼ਾਰ-ਰੌਕਅਵੇਅ ਵਿੱਚ ਟ੍ਰੌਮਾ (ਸਦਮਾ) ਸੈਂਟਰ ਰੱਖਣਾ।
2. ਸਥਿਰਤਾ ਲਈ ਮਜ਼ਬੂਤ ਬੁਨਿਆਦੀ ਢਾਂਚੇ ਨੂੰ ਤਰਜੀਹ ਦੇਣੀ।
3. ਸਰਗਰਮੀਆਂ, ਆਉਟਰੀਚ ਦੀ ਮਦਦ ਨਾਲ ਜੁਰਮ ਨਾਲ ਨਜਿੱਠਣਾ।

*"ਡੈਨੀਅਲਾ (Daniella), ਇੱਕ ਸਾਬਕਾ ਨਰਸ ਅਤੇ ਮਾਰਟਿਨ ਵਾਨ ਬੁਰੇਨ HS ਗ੍ਰੈਜੂਏਟ, ਮਹਾਮਾਰੀ ਦੌਰਾਨ ਇੱਕ ਫ੍ਰੰਟਲਾਈਨ ਵਰਕਰ ਬਣੇ ਸਨ, ਬੇਘਰ ਲੋਕਾਂ ਲਈ ਕੋਵਿਡ-19 ਦੀ ਰੋਕਥਾਮ, ਟੀਕਾਕਰਣ ਅਤੇ ਜ਼ਖ਼ਮਾਂ ਦੀ ਦੇਖਭਾਲ ਕਰਨ ਵਿੱਚ ਮਦਦ ਕੀਤੀ ਸੀ। ਉਹਨਾਂ ਦਾ ਉਦੇਸ਼ ਫ਼ਾਰ ਰੌਕਵੇਅ ਵਿੱਚ ਪੱਧਰ-ਇੱਕ ਸਦਮਾ ਸੈਂਟਰ ਕਾਇਮ ਕਰਨਾ ਹੈ, ਤਾਂਜੋ ਘਾਤਕ ਸਥਿਤੀਆਂ ਕਰਕੇ ਲੰਮੀ ਦੂਰੀ ਦੇ ਸਫ਼ਰ ਨਾਲ ਨਜਿੱਠਿਆ ਜਾ ਸਕੇ। ਡੈਨੀਅਲਾ (Daniella), ਪਾਠਕ੍ਰਮ ਤੋਂ ਬਾਹਰੀ ਸਰਗਰਮੀਆਂ ਅਤੇ ਪੁਲਿਸ ਦੀ ਉਸਾਰੂ ਸ਼ਮੂਲੀਅਤ ਨਾਲ ਬੁਨਿਆਦੀ ਢਾਂਚੇ ਅਤੇ ਜੁਰਮ ਦੀ ਦਰ ਨੂੰ ਘੱਟ ਕੀਤੇ ਜਾਣ ਨੂੰ ਤਰਜੀਹ ਦਿੰਦੀਆਂ ਹਨ। ਸਿਟੀ ਕੌਂਸਲ, ਡਿਸਟ੍ਰਿਕਟ 31 ਲਈ ਚੋਣ ਲੜ ਰਹੇ ਡੈਨੀਅਲਾ (Daniella) ਇੱਕ ਉਸਾਰੂ ਅਸਰ ਪਾਉਣੀ ਚਾਹੁੰਦੇ ਹਨ।"*

**ਮੌਜੂਦਾ ਕੰਮ-ਧੰਦਾ:** ਫ਼ਾਉਂਡਰ – ਨੌਨ ਪ੍ਰੌਫ਼ਿਟ ਏਜੰਡਾ 700

**ਪਿਛਲਾ ਕੰਮ-ਧੰਦਾ:** ਲਾਇਸੈਂਸਸ਼ੁਦਾ ਪ੍ਰੈਕਟਿਕਲ ਨਰਸ

**ਪੜ੍ਹਾਈ:** ਵੀਬ ਨਸਾਉ ਕਾਂਉਂਟੀ ਸਕੂਲ ਆੱਫ਼ ਪ੍ਰੈਕਟਿਕਲ ਨਰਸ

**ਸੰਸਥਾਗਤ ਸਬੰਧ:** ਨਿਊਯਾੱਰਕ ਯੰਗ ਰਿਪਬਲਿਕਨ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** ਕੋਈ ਵੀ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ?**
**ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ punjabi.nycvotes.org/plan-your-ballot 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਸੈਲਵਿਨਾ N ਬਰੂਕਸ-ਪਾੱਵਰਸ (Selvena N Brooks-Powers)**<br>ਲੋਕਰਾਜੀ | **ਡੇਨੀਅਲਾ ਮੇਅ (Daniella May)** ✓<br>ਰਿਪਬਲਿਕਨ, ਮੈਡ ਐਜ਼ ਹੈਲ, ਪੇਰੇਂਟ ਪਾਰਟੀ |
|---|---|---|
| **ਅਪਰਾਧ** | ਸਾਨੂੰ ਜੁਰਮ, ਜਿਵੇਂ ਹੀ ਵਾਪਰਦਾ ਹੈ, ਖ਼ਾਸ ਤੌਰ 'ਤੇ ਹਿੰਸਕ ਮੁਜਰਿਮਾਂ ਨਾਲ ਨਜਿੱਠਣਾ ਚਾਹੀਦਾ ਹੈ। ਪਰ, ਸਾਨੂੰ ਸੰਸਥਾਗਤ ਅੜਿੱਕਿਆਂ ਨੂੰ ਪਛਾਣਨਾ ਚਾਹੀਦਾ ਹੈ ਅਤੇ ਉਹਨਾਂ 'ਤੇ ਧਿਆਨ ਦੇਣਾ ਚਾਹੀਦਾ ਹੈ, ਜੋ ਸਾਡੀ ਨਜ਼ਰੀਂ ਪੈਣ ਵਾਲੇ ਬੁਨਿਆਦੀ ਕਾਰਣ ਹਨ। ਇਸਦਾ ਮਤਲਬ ਹੈ, ਮਨੋਰੰਜਨ ਸਬੰਧੀ ਪ੍ਰੋਗਰਾਮਾਂ, ਰਿਹਾਇਸ਼, ਰੋਜ਼ਗਾਰ, ਸਿਹਤ-ਸੰਭਾਲ ਤੱਕ ਪਹੁੰਚ ਅਤੇ ਮਿਆਰੀ ਭੋਜਨ ਵਿੱਚ ਪੂੰਜੀ ਲਾਉਣਾ ਹੈ। | ਜੁਰਮ ਇੱਕ ਗੰਭੀਰ ਮਸਲਾ ਹੈ, ਜਿਸ ਲਈ ਸਾਡੇ ਭਾਈਚਾਰਿਆਂ ਦੀ ਰਾਖੀ ਲਈ ਸਖ਼ਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ਜੁਰਮ ਨਾਲ ਨਜਿੱਠਣ ਲਈ ਇਸ ਨੂੰ ਅਸਰਦਾਰ ਢੰਗ ਨਾਲ ਹੱਲ ਕਰਨ ਲਈ ਸਖ਼ਤ ਲੱਾਅ ਐਨਫ਼ੋਰਸਮੈਂਟ ਪਾੱਲਿਸੀਆਂ, ਨਿਜੀ ਜ਼ਿੰਮੇਵਾਰੀ ਅਤੇ ਮਜ਼ਬੂਤ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਨਾਲ ਲੈਕੇ ਚੱਲਣ ਦੀ ਲੋੜ ਹੈ। |
| **ਮਹਿੰਗਾਈ** | ਮੇਰੀ ਡਿਸਟ੍ਰਿਕਟ ਵਿਚਲੇ ਪਰਿਵਾਰਾਂ ਨੂੰ ਮਹਿੰਗਾਈ ਅਤੇ ਰਹਿਣ-ਸਹਿਣ ਦੀ ਉੱਚੀ ਲਾਗਤ ਨਾਲ ਜੂਝਣਾ ਪੈ ਰਿਹਾ ਹੈ। ਅਸੀਂ ਹੁਣੇ ਜਿਹੇ ਬਲੈਕ ਫ਼ੈਮਿਲੀਜ਼ ਨੂੰ ਕੂਚ ਕਰਦਿਆਂ ਵੇਖਿਆ ਸੀ। ਸਾਨੂੰ ਰਿਹਾਇਸ਼, ਆਵਾਜਾਈ, ਕਰਿਆਨੇ ਦੇ ਸਮਾਨ ਅਤੇ ਹੋਰ ਬਹੁਤ ਕੁਝ ਲਈ ਰਹਿਣ-ਸਹਿਣ ਦੀ ਉੱਚੀ ਲਾਗਤ ਨੂੰ ਹੱਲ ਕਰਨ ਦਾ ਤਰੀਕਾ ਲੱਭਣ ਦੀ ਜ਼ਰੂਰਤ ਹੈ। | ਲੋਕਾਂ ਅਤੇ ਕਾਰੋਬਾਰਾਂ ਨੂੰ ਮਹਿੰਗਾਈ ਕਰਕੇ ਨੁਕਸਾਨ ਭੁਗਤਣੇ ਪੈ ਸਕਦੇ ਹਨ। ਸਥਿਰ ਅਤੇ ਖ਼ੁਸ਼ਹਾਲ ਆਰਥਕ ਭਵਿੱਖ ਯਕੀਨੀ ਬਣਾਉਣ ਲਈ ਮਹਿੰਗਾਈ ਘੱਟ ਕਰਨ ਜਾਂ ਰੋਕਣ ਲਈ ਮਾਲੀ ਜ਼ਿੰਮੇਵਾਰੀ, ਠੋਸ ਆਰਥਕ ਪਾੱਲਿਸੀ ਅਤੇ ਮੁਕਤ ਬਜ਼ਾਰ ਵਿੱਚ ਮੁਕਾਬਲੇਬਾਜ਼ੀ ਨਾਲ ਨਜਿੱਠਣ ਲਈ ਵਿਹਾਰਕ ਪਾੱਲਿਸੀਆਂ ਦੀ ਲੋੜ ਪੈਂਦੀ ਹੈ। |
| **ਲੋਕਰਾਜ ਦੀ ਰਾਖੀ ਕਰਨਾ** | 6 ਜਨਵਰੀ, ਸਾਨੂੰ ਇਹ ਚੇਤਾ ਕਰਾਉਂਦੀ ਹੈ ਕਿ ਸਾਡਾ ਲੋਕਰਾਜ ਅਸਲ ਵਿੱਚ ਕਿੰਨਾ ਨਾਜ਼ੁਕ ਹੋ ਸਕਦਾ ਹੈ। ਇਸ ਲਈ, ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਸੀਂ ਵੋਟ-ਪਰਚੀ ਵਾਲੇ ਬਾੱਕਸ ਤੱਕ ਪਹੁੰਚਣ ਲਈ ਆਉਣ ਵਾਲੇ ਅੜਿੱਕਿਆਂ ਅਤੇ ਹੋਰਨਾਂ ਢੰਗ-ਤਰੀਕਿਆਂ ਨੂੰ ਹਟਾਈਏ, ਜੋ ਉਹਨਾਂ ਬੁਨਿਆਦੀ ਹੱਕਾਂ ਅਤੇ ਕਦਰਾਂ-ਕੀਮਤਾਂ ਦੀ ਰਾਖੀ ਕਰਨਗੇ, ਜਿਹਨਾਂ ਦੀ ਅਸੀਂ ਸਾਰੇ ਪ੍ਰਸ਼ੰਸਾ ਕਰਦੇ ਹਾਂ। | ਲੋਕਰਾਜ ਦੀ ਰਾਖੀ ਕਰਨੀ ਇੱਕ ਬਹੁਤ ਜ਼ਰੂਰੀ ਤਰਜੀਹ ਹੈ, ਜਿਸ ਲਈ ਕਾਨੂੰਨ ਦੀ ਸੱਤਾ ਨੂੰ ਪ੍ਰੇਰਣ, ਨਿਜੀ ਹੱਕਾਂ ਅਤੇ ਅਜ਼ਾਦੀ ਦੀ ਰਾਖੀ ਕਰਨ ਅਤੇ ਸਿਵਿਕ ਸ਼ਮੂਲੀਅਤ ਅਤੇ ਭਾਈਵਾਲੀ ਵਧਾਉਣ ਲਈ ਪ੍ਰਤੀਬੱਧਤਾ ਦੀ ਲੋੜ ਹੈ। ਲੋਕਰਾਜ ਦੀ ਰਾਖੀ ਕਰਕੇ, ਅਸੀਂ ਸਾਰਿਆਂ ਲਈ ਇੱਕ ਸੁਤੰਤਰ, ਨਿਆ ਵਾਲਾ ਅਤੇ ਖ਼ੁਸ਼ਹਾਲ ਸਮਾਜ ਉਸਾਰ ਸਕਦੇ ਹਾਂ। |

# ਸਿਟੀ ਕੌਂਸਲ ਡਿਸਟ੍ਰਿਕਟ 32

**ਰਿਪਬਲਿਕਨ, ਕੰਜ਼ਰਵੇਟਿਵ**

- ਜੋਆਨ ਐਰੀਓਲਾ (Joann Ariola) ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।

---



## ਜੋਆਨ ਐਰੀਓਲਾ (Joann Ariola) ✓

ਰਿਪਬਲਿਕਨ, ਕੰਜ਼ਰਵੇਟਿਵ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ
2. ਜ਼ਿੰਦਗੀ ਦਾ ਮਿਆਰ
3. ਆਰਥਿਕਤਾ

*"ਮੈਂ ਫਿਰ ਤੋਂ ਚੋਣ ਲੜਣ ਲਈ ਚੋਣ ਲੜ ਰਿਹਾ ਹਾਂ, ਕਿਉਂਕਿ ਮੈਨੂੰ ਪਤਾ ਹੈ ਕਿ ਇਸ ਸ਼ਹਿਰ ਵਿੱਚ ਇੱਕ ਅਜਿਹੀ ਥਾਂ ਬਣਾਉਣ ਲਈ ਹਾਲੇ ਵੀ ਬਹੁਤ ਸਾਰਾ ਕੰਮ ਕਰਨ ਵਾਲਾ ਹੈ, ਜਿੱਥੇ ਸਾਰੇ ਨਿਊਯਾੱਰਕਰ ਸੁਰੱਖਿਅਤ ਮਹਿਸੂਸ ਕਰ ਸਕਣ ਅਤੇ ਜ਼ਿੰਦਗੀ ਦੇ ਮਿਆਰ ਦਾ ਅਨੰਦ ਮਾਣ ਸਕਣ, ਜਿਸਦੀ ਸਾਨੂੰ ਸਾਰਿਆਂ ਨੂੰ ਉਮੀਦ ਕਰਨੀ ਚਾਹੀਦੀ ਹੈ। ਆਉਣ ਵਾਲੇ ਸਾਲਾਂ ਵਿੱਚ, ਮੇਰਾ ਪਲਾਨ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਸੰਘਰਸ਼ ਜਾਰੀ ਰੱਖਣਾ ਅਤੇ ਯਕੀਨੀ ਬਣਾਉਣਾ ਹੈ ਕਿ ਸਾਡੀਆਂ ਸੜਕਾਂ ਪਹਿਲਾਂ ਨਾਲੋਂ ਕਿਤੇ ਵੱਧ ਸਾਫ਼-ਸੁਥਰੀਆਂ ਅਤੇ ਸੁਰੱਖਿਅਤ ਹੋਣ।"*

**ਮੌਜੂਦਾ ਕੰਮ-ਧੰਦਾ:** NYC ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਡਾਇਰੈਕਟਰ, ਅੰਤਰ-ਸਰਕਾਰੀ ਮਾਮਲੇ, ਮੈਡੀਸਿਸ ਹੈਲਥ ਨੈਟਵਰਕ

**ਸਿੱਖਿਆ:** ਅਡੈਲਫੀ ਬਿਜ਼ਨਸ ਸਕੂਲ

**ਸੰਸਥਾਗਤ ਸਬੰਧ:** ਚੇਅਰਪਰਸਨ, NYC ਕੌਂਸਲ ਫ਼ਾਇਰ ਅਤੇ ਐਮਰਜੈਂਸੀ ਦਾ ਪ੍ਰਬੰਧ ਕਰਨ ਵਾਲੀ ਕਮੇਟੀ

**ਪਹਿਲਾਂ ਦਾ ਸਰਕਾਰੀ ਅਨੁਭਵ:** ਸਹਾਇਕ ਕਮਿਸ਼ਨਰ, ਮੇਅਰਸ ਦੀ ਭਾਈਚਾਰਕ ਸਹਾਇਤਾ ਯੂਨਿਟ, ਚੀਫ਼ ਆੱਫ਼ ਸਟਾਫ਼, NYC ਕੌਂਸਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

## ਜੋਆਨ ਐਰੀਓਲਾ (Joann Ariola) ✓

ਰਿਪਬਲਿਕਨ ਪਾਰਟੀ, ਕੰਜ਼ਰਵੇਟਿਵ ਪਾਰਟੀ

| | |
|---|---|
| **ਅਪਰਾਧ** | ਹਾਲਾਂਕਿ ਕਈ ਇਲਾਕਿਆਂ ਵਿੱਚ ਜੁਰਮ ਵਿੱਚ ਕਮੀ ਆਈ ਹੈ, ਪਰ ਬੰਦੂਕਾਂ ਨਾਲ ਹਿੰਸਾ ਅਤੇ ਹਿੰਸਕ ਜੁਰਮਾਂ ਵਿੱਚ ਅਜੇ ਵੀ ਵਾਧਾ ਹੋ ਰਿਹਾ ਹੈ। ਮੈਂ ਪ੍ਰਸ਼ਾਸਨ ਦੀਆਂ ਜੁਰਮ ਦੀ ਰੋਕਥਾਮ ਲਈ ਪਹਿਲਕਦਮੀਆਂ, NYPD ਅਤੇ ਜ਼ਮਾਨਤ ਦੇ ਨਾਕਾਮ ਸੁਧਾਰ ਦੇ ਉਹ ਉਪਾਅ ਰੱਦ ਕਰਨ ਦੀ ਹਿਮਾਇਤ ਕਰਦੀ ਹਾਂ, ਜਿਹਨਾਂ ਕਰਕੇ ਹਿੰਸਕ ਮੁਜਰਿਮ ਸਾਡੀਆਂ ਸੜਕਾਂ 'ਤੇ ਹੀ ਘੁੰਮਦੇ ਰਹਿੰਦੇ ਹਨ। |
| **ਮਹਿੰਗਾਈ** | ਲੋਕਾਂ ਲਈ ਸਾਡੇ ਸ਼ਹਿਰ ਅਤੇ ਸਟੇਟ ਵਿੱਚ ਰਹਿਣਾ ਅਤੇ ਘਰ ਖ਼ਰੀਦਣਾ ਅਤੇ ਆਪਣੇ ਪਰਿਵਾਰ ਦਾ ਢਿੱਡ ਭਰਨਾ ਔਖਾ ਅਤੇ ਹੋਰ ਮੁਸ਼ਕਿਲ ਕੰਮ ਹੁੰਦਾ ਜਾ ਰਿਹਾ ਹੈ। ਇਸ ਲਈ ਮੈਂ ਭੋਜਨ ਦੀਆਂ ਸਥਾਨਕ ਪੈਂਟਰੀਆਂ ਨੂੰ ਰਕਮਾਂ ਮੁਹੱਈਆ ਕਰਾਈਆਂ ਹਨ ਅਤੇ ਉਹਨਾਂ ਦੀ ਹਿਮਾਇਤ ਕੀਤੀ ਹੈ ਅਤੇ ਮਕਾਨ-ਮਾਲਕਾਂ ਲਈ ਟੈਕਸ-ਰਿਫ਼ੰਡ ਲਈ ਵੋਟ ਪਾਈ ਹੈ। ਇੱਕ ਦਹਾਕੇ ਵਿੱਚ ਇਹ ਪਹਿਲਾ ਰਿਫ਼ੰਡ ਸੀ। |
| **ਲੋਕਰਾਜ ਦੀ ਰਾਖੀ ਕਰਨਾ** | ਲੋਕਰਾਜ ਵਿੱਚ ਮੇਰਾ ਯਕੀਨ ਹੈ ਅਤੇ ਲੋਕਰਾਜ ਅਤੇ NYC ਵਿੱਚ ਰਹਿੰਦੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਮੈਂ NYC ਕੌਂਸਲ ਮੈਂਬਰ ਬਣੀ ਹਾਂ। |

## ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ? ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ punjabi.nycvotes.org/plan-your-ballot 'ਤੇ ਜਾਓ**

# ਸਿਟੀ ਕੌਂਸਲ ਡਿਸਟ੍ਰਿਕਟ 34

**ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼**

- ਜੈਨੀਫ਼ਰ ਗੁਤੀਆਰੇਜ਼ (Jennifer Gutierrez) ✓

**ਮੈਡੀਕਲ ਫਰੀਡਮ**

- ਮਾਰਗ੍ਰਿਟ ਸ਼ੈਂਡਲਰ (Marguerite Chandler)

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 61 'ਤੇ ਹੋਰ ਜਾਣੋ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਉਮੀਦਵਾਰਾਂ ਦੀ ਸਭ ਤੋਂ ਅਪਡੇਟ ਸੂਚੀ ਵੇਖਣ, ਉਮੀਦਵਾਰ ਦੀਆਂ ਵੀਡੀਓ ਲੱਭਣ ਅਤੇ ਮਸਲੇ ਦੀਆਂ ਸਥਿਤੀਆਂ ਦੀ ਤੁਲਨਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਜੈਨੀਫ਼ਰ ਗੁਤੀਆਰੇਜ਼ (Jennifer Gutierrez) ✓

ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼

**ਮੁੱਖ 3 ਮਸਲੇ:**

1. ਯੂਨੀਵਰਸਲ ਚਾਈਲਡ ਕੇਅਰ
2. ਕਿਰਾਏਦਾਰ ਦੀਆਂ ਸੁਰੱਖਿਆਵਾਂ ਨੂੰ ਮਜ਼ਬੂਤ ਅਤੇ ਵਿਸਤਾਰ ਕਰਨਾ
3. ਵਾਤਾਵਰਣਕ ਨਿਆਂ

*"ਜੈਨੀਫ਼ਰ ਗੁਤੀਆਰੇਜ਼ (Jennifer Gutiérrez) ਆੱਰਗਨਾਈਜ਼ਰ, ਕਾਰਕੁਨ ਅਤੇ ਭਾਈਵਾਲ ਹਨ। ਇੱਕ ਦਹਾਕੇ ਤੋਂ ਜੈਨੀਫ਼ਰ ਪ੍ਰਭਾਵਿਤ ਪਰਿਵਾਰਾਂ ਦੇ ਮਸਲਿਆਂ ਵਿੱਚ ਸ਼ਾਮਿਲ ਰਹੇ ਹਨ, ਜਿਹਨਾਂ ਦੀ ਉਹ ਇਸ ਸਮੇਂ ਨੁਮਾਇੰਦਗੀ ਕਰਦੇ ਹਨ। ਕੋਲੰਬੀਆ ਦੇ ਪ੍ਰਵਾਸੀਆਂ ਤੋਂ ਕੁਈਨਸ ਵਿੱਚ ਪੈਦਾਇਸ਼ ਅਤੇ ਪਰਵਰਿਸ਼ ਹੋਈ ਸੀ, ਜੈਨੀਫ਼ਰ ਇੱਕ-ਬੈਡਰੂਮ ਦੇ ਅਪਾਰਟਮੈਂਟ ਵਿੱਚ ਵੱਡੀ ਹੋਈ ਸੀ ਅਤੇ ਪਬਲਿਕ ਸਕੂਲਾਂ ਵਿੱਚ ਪੜ੍ਹਾਈ ਕੀਤੀ ਸੀ। ਉਹ ਛੋਟੀ ਉਮਰ ਤੋਂ ਹੀ ਕਾਰਕੁਨ ਰਹੀ ਸੀ, ਜਦੋਂ ਉਹਨਾਂ ਦੇ ਪਿਤਾ ਅਸਮਰੱਥ ਹੋ ਗਏ ਸੀ ਅਤੇ ਬੀਮਾ ਕੰਪਨੀਆਂ ਨਾਲ ਮੁਕਾਬਲਾ ਕੀਤਾ ਸੀ ਅਤੇ ਸਾਫ਼-ਸਫ਼ਾਈ ਦੇ ਕੰਮਾਂ ਵਿੱਚ ਆਪਣੀ ਮਾਂ ਨੂੰ ਦੱਸਦੀ ਸੀ ਅਤੇ ਉਹਨਾਂ ਦੀਆਂ ਉਜਰਤਾਂ ਬਾਰੇ ਗੱਲਬਾਤ ਕਰਦੀ ਸੀ। ਦਫ਼ਤਰ ਵਿਚਲੇ ਆਪਣੇ ਸਮੇਂ ਦੌਰਾਨ ਉਹਨਾਂ ਨੇ ਕਿਫ਼ਾਇਤੀ ਰਿਹਾਇਸ਼, ਸਕੂਲਾਂ ਅਤੇ ਡੇਕੇਅਰਾਂ ਨੂੰ ਫ਼ੰਡ ਦਿੰਦੇ ਰਹਿਣ, ਬ੍ਰੌਡਬੈਂਡ ਇਕੁਇਟੀ ਅਤੇ ਪਹੁੰਚ ਸਮਾਜਕ ਸੇਵਾ ਬਜਟ ਵਿੱਚ ਕਟੌਤੀ, ਜਿਸਦੀ ਸਾਡੇ ਭਾਈਚਾਰਿਆਂ ਨੂੰ ਸਖ਼ਤ ਲੋੜ ਹੈ, ਖ਼ਿਲਾਫ਼ ਜੱਦੋ-ਜਹਿਦ ਕੀਤੀ ਹੈ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਚੀਫ਼ ਆੱਫ਼ ਸਟਾਫ਼

**ਸਿੱਖਿਆ:** ਅਲਬਨੀ ਵਿਖੇ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਮਾਰਗ੍ਰਿਟ ਸ਼ੈਂਡਲਰ (Marguerite Chandler)

ਮੈਡੀਕਲ ਫਰੀਡਮ

**ਮੁੱਖ 3 ਮਸਲੇ:**

1. ਸੈਂਸਰਸ਼ਿਪ, ਫ੍ਰੀ ਸਪੀਚ
2. ਮੈਡੀਕਲ ਫ੍ਰੀਡਮ ਪਾਰਟੀ
3. ਸਿਟੀ ਦੀਵਾਲੀਆ ਹੋ ਰਹੀ ਹੈ

*"ਮੈਂ ਮੌਜੂਦਾ ਦਿਲਚਸਪੀ, ਇਤਿਹਾਸ ਅਤੇ ਆਰਥਕਤਾ ਦੇ ਕਈ ਮੁੱਦਿਆਂ ਬਾਰੇ ਸਵੈ-ਸਿੱਖਿਅਤ ਸਕਾੱਲਰ ਹਾਂ। ਸਾਨੂੰ ਹਰ ਪਾਸਿਓਂ ਜਾਣਕਾਰੀ ਦੀ ਬਹੁਤ ਜ਼ਿਆਦਾ ਲੋੜ ਹੈ, ਤਾਂਜੋ ਸਾਡੇ ਨਾਗਰਿਕ ਆਪਣੇ ਫ਼ੈਸਲੇ ਆਪ ਕਰਨ ਸਕਣ। "ਬਿਨਾ ਨਜ਼ਰੀਏ ਵਾਲੇ ਲੋਕ ਤਬਾਹ ਹੋ ਜਾਂਦੇ ਹਨ।" ਸਿਰਫ਼ ਜਾਣਕਾਰੀ ਦੇ ਖੁੱਲ੍ਹੇ ਵਟਾਂਦਰੇ ਨਾਲ ਹੀ ਤਰੱਕੀ ਅਤੇ ਨਵਾਂਪਣ ਹਾਸਿਲ ਕੀਤਾ ਜਾ ਸਕਦਾ ਹੈ।"*

**ਮੌਜੂਦਾ ਕੰਮ-ਧੰਦਾ:** ਰਿਟਾਇਰਡ

**ਪਿਛਲਾ ਕੰਮ-ਧੰਦਾ:** ਪੌਟਰ, ਲੇਖਕ, ਕੋ-ਹਾਉਸਿੰਗ ਆੱਰਗਨਾਈਜ਼ਰ

**ਪੜ੍ਹਾਈ:** ਯੂਨੀਵਰਸਿਟੀ, ਕੋਈ ਡਿਗ੍ਰੀ ਨਹੀਂ। U.C.L.A. U.C. ਸਾਂਤਾ ਬਾਰਬਰਾ, ਵੱਖ-ਵੱਖ ਭਾਈਚਾਰਕ ਕਾੱਲਿਜ ਅਤੇ ਸਟੇਟ ਯੂਨੀਵਰਸਿਟੀ ਸਕੂਲ। ਕਾੱਲਿਜ ਆੱਫ਼ ਮਿਉਜ਼ਿਕ, ਮੈਰਿਨ ਕਾਉਂਟੀ, ਕੈਲੀਫ਼ੋਰਨੀਆ

**ਸੰਸਥਾਗਤ ਸਬੰਧ:** ਬਲੌਕਬੁਸ਼ ਐਂਟੀ-ਵਾਰ ਗਰੁਪ, ਬਾਇਓਰੀਜਨਲ ਕਾਂਗਰਸ ਦੇ ਨੁਮਾਇੰਦੇ। ਕਲੀਅਰਵਾੱਟਰ ਲਈ ਹਡਸਨ ਰਿਵਰ ਸਲੂਪ ਸਿੰਗਰ। ਸਲੂਪ ਕਲੱਬ ਬੀਕਨ NY.

**ਪਹਿਲਾਂ ਦਾ ਸਰਕਾਰੀ ਅਨੁਭਵ:** ਕੋਈ ਵੀ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਰਿਪਬਲਿਕਨ

# ਉਮੀਦਵਾਰ ਦੇ ਵੀਡੀਓ ਵੇਖੋ

**ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/candidates 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | ਜੈਨੀਫ਼ਰ ਗੁਤੀਆਰੇਜ਼ (Jennifer Gutierrez) ✓<br>ਡੈਮੋਕ੍ਰੈਟਿਕ, ਵਰਕਿੰਗ ਫ਼ੈਮਿਲੀਜ਼ | ਮਾਰਗ੍ਰਿਟ ਸ਼ੈਂਡਲਰ (Marguerite Chandler)<br>ਮੈਡੀਕਲ ਫਰੀਡਮ |
|---|---|---|
| **ਅਪਰਾਧ** | ਸਾਨੂੰ ਆਪਣੇ ਬੱਚਿਆਂ ਦੇ ਹੱਥਾਂ ਵਿੱਚੋਂ ਬੰਦੂਕਾਂ ਖੋਹਣ 'ਤੇ ਧਿਆਨ ਦੇਣ, ਅਤੇ ਕਮਿਊਨਿਟੀ ਸਰੋਤਾਂ ਜਿਨ੍ਹਾਂ ਬਾਰੇ ਅਸੀਂ ਜਾਣਦੇ ਹਾਂ ਕਿ ਇਹ ਕੰਮ ਕਰਦੇ ਹਨ, ਲਈ ਫੰਡ ਵਧਾਉਣ ਦੀ ਲੋੜ ਹੈ: ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਰੋਕਣ ਨਾਲ ਸੰਬੰਧਤ ਸੇਵਾਵਾਂ, ਸਨਮਾਨਜਨਕ ਰਿਹਾਇਸ਼ ਅਤੇ ਸਕੂਲਾਂ ਵਿੱਚ ਹਿੰਸਾ ਦੀ ਰੋਕਥਾਮ। | ਸਾਨੂੰ ਜਿਉਂਦੇ ਸਾਹ ਲੈਣ ਵਾਲੇ ਇਨਸਾਨ ਵਜੋਂ ਮਿਲਕੇ ਕੰਮ ਕਰਨ ਦੀ ਲੋੜ ਹੈ, ਤਾਂਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਘਰ ਅਤੇ ਸਾਡੇ ਭਾਈਚਾਰੇ ਵਿੱਚ ਅਮਨ-ਅਮਾਨ ਲਈ ਢੁਕਵੀਆਂ ਸਥਿਤੀਆਂ ਮੌਜੂਦ ਹਨ; ਇਸ ਵਿੱਚ ਨੌਜੁਆਨਾਂ ਲਈ ਪਾਰਕ ਅਤੇ ਪ੍ਰੋਗਰਾਮ ਸ਼ਾਮਿਲ ਹਨ। ਵਾਰ-ਵਾਰ ਹਿੰਸਾ ਕਰਨ ਵਾਲੇ ਮੁਜਰਿਮਾਂ ਨੂੰ ਉਹਨਾਂ ਦੇ ਮੁਕੱਦਮਿਆਂ ਤੱਕ ਜੇਲ੍ਹ ਵਿੱਚ ਹੀ ਰੱਖਣਾ ਚਾਹੀਦਾ ਹੈ। |
| **ਮਹਿੰਗਾਈ** | ਹਰ ਰੋਜ਼ ਨਿਊ ਯਾਰਕ ਵਾਸੀ ਸਾਡੇ ਸ਼ਹਿਰ ਵਿੱਚ ਜੀਵਨ ਨਿਰਬਾਹ ਕਰਨ ਲਈ ਸੰਘਰਸ਼ ਕਰ ਰਹੇ ਹਨ; ਕਿਰਾਇਆ ਅਸਮਾਨ ਨੂੰ ਛੂਹ ਗਿਆ ਹੈ ਅਤੇ ਦੁੱਧ ਅਤੇ ਅੰਡਿਆਂ ਦੀ ਕੀਮਤ ਸਭ ਤੋਂ ਉੱਚੇ ਪੱਧਰ 'ਤੇ ਹੈ। ਇਸ ਸਮੇਂ, ਸਾਨੂੰ ਉਹਨਾਂ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਮਜ਼ਬੂਤ ਸਮਾਜਕ ਸੇਵਾ ਵਿੱਚ ਸਰਕਾਰੀ ਨਿਵੇਸ਼ 'ਤੇ ਧਿਆਨ ਦੇਣ ਦੀ ਲੋੜ ਹੈ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ। | ਸਰਕਾਰੀ ਪਾੱਲਿਸੀਆਂ ਕਰਕੇ ਆਰਥਕ ਸਮੱਸਿਆਵਾਂ ਹੁੰਦੀਆਂ ਹਨ। ਮਹਿੰਗਾਈ, ਲੋਕਾਂ ਵਲੋਂ ਬਚਾਏ ਗਏ ਪੈਸੇ ਨੂੰ ਖ਼ਤਮ ਕਰ ਦਿੰਦੀ ਹੈ। ਮਹਿੰਗਾਈ ਦੇ ਰੁਝਾਨ ਨਾਲ ਸੰਭਵ ਤੌਰ 'ਤੇ ਭੁੱਖ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਏਗਾ, ਹੁਣ ਤੱਕ ਮੌਜੂਦ ਸਥਿਤੀ ਤੋਂ ਵੀ ਬਹੁਤ ਵੱਡੀ। ਮੈਂ ਚਾਹੁੰਦੀ ਹਾਂ ਕਿ ਸ਼ਹਿਰ ਵਿਚਲੇ ਲੋਕ ਪਰਮਾਕਲਚਰ, ਖੇਤੀਬਾੜੀ ਦੇ ਢੰਗ-ਤਰੀਕਿਆਂ ਦੀ ਵਰਤੋਂ ਕਰਦਿਆਂ ਸ਼ਹਿਰ ਵਿੱਚ ਭੋਜਨ ਵਾਲੀਆਂ ਵਸਤਾਂ ਉਗਾਉਣ। |
| **ਲੋਕਰਾਜ ਦੀ ਰਾਖੀ ਕਰਨਾ** | ਮੈਂ ਲੰਬੇ ਸਮੇਂ ਤੋਂ ਮਾਈ ਸਿਟੀ ਮਾਈ ਵੋਟ ਦੀ ਵਕਾਲਤ ਕੀਤੀ ਹੈ, ਅਤੇ ਵਿਸ਼ਵਾਸ ਕਰਦੀ ਹਾਂ ਕਿ ਹਰ ਨਿਊ ਯਾਰਕ ਵਾਸੀ, ਇਮੀਗ੍ਰੇਸ਼ਨ ਸਥਿਤੀ ਦੇ ਸੰਦਰਭ ਬਿਨਾਂ, ਸਾਡੇ ਸ਼ਹਿਰ ਵਿੱਚ ਆਪਣੀ ਵੋਟ ਪਾਉਣ ਦੇ ਯੋਗ ਹੋਣਾ ਚਾਹੀਦਾ ਹੈ। ਮੈਂ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ ਨੂੰ ਲਾਗੂ ਕੀਤੇ ਜਾਣ ਲਈ ਰਾਜ 'ਤੇ ਦਬਾਅ ਪਾਉਣਾ ਜਾਰੀ ਰੱਖਾਂਗੀ। | ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਵੋਟ ਪਾਉਣ ਦਾ ਹੱਕ ਹਾਸਿਲ ਕਰਨ ਲਈ ਕਈ ਲੋਕਾਂ ਨੇ ਆਪਣੀ ਜਾਨ ਕੁਰਬਾਨ ਕੀਤੀ ਹੈ। ਇਹ ਬਹੁਤ ਕੀਮਤੀ ਹੈ। ਵੋਟਾਂ ਗਿਣਨ ਵੇਲੇ, ਗ਼ਲਤ ਵੋਟਰ ਸੂਚੀਆਂ ਕਰਕੇ ਜਿਹੜੀਆਂ ਵੋਟਾਂ ਦੀ "ਗਿਣਤੀ ਨਹੀਂ ਹੁੰਦੀ"; ਇਹ ਵੋਟ ਚੋਰੀ ਹੋ ਜਾਂਦੀ ਹੈ, ਨਾਗਰਿਕਾਂ ਦੀ ਵੋਟ ਖ਼ਰਾਬ ਹੋ ਜਾਂਦੀ ਹੈ। ਮੇਰਾ ਮੰਨਣਾ ਹੈ ਕਿ ਸਿਰਫ਼ ਅਮਰੀਕੀ ਨਾਗਰਿਕਾਂ ਨੂੰ ਹੀ ਵੋਟ ਪਾਉਣੀ ਚਾਹੀਦੀ ਹੈ। |

# ਪਤਝੜ 2023 ਤਜਵੀਜਾਂ ਵਾਲੀ ਵੋਟ-ਪਰਚੀ


### ਤਜਵੀਜ਼ਾਂ ਵਾਲੀ ਵੋਟ ਪਰਚੀ ਕੀ ਹੈ?

ਇਸ ਚੋਣ ਵਿਚਲੀਆਂ ਤਜਵੀਜ਼ਾਂ ਸਟੇਟ ਦੇ ਸੰਵਿਧਾਨ ਵਿੱਚ ਤਰਮੀਮਾਂ ਕਰਨ ਲਈ ਹਨ। ਇਸ ਪਤਝੜ ਨੂੰ ਵੋਟ-ਪਰਚੀ 'ਤੇ ਦੋ ਰਾਜਵਿਆਪੀ ਤਜਵੀਜ਼ਾਂ ਹਨ।

ਇਹਨਾਂ ਵਿੱਚੋਂ ਹਰ ਇੱਕ ਤਜਵੀਜ਼ 'ਤੇ ਤੁਸੀਂ “ਹਾਂ” ਜਾਂ “ਨਹੀਂ” ਲਈ ਵੋਟ ਪਾ ਸਕਦੇ ਹੋ। ਬਹੁਮਤ ਮਿਲਣ 'ਤੇ ਵੋਟ-ਪਰਚੀ ਦੀਆਂ ਤਜਵੀਜ਼ਾਂ ਨੂੰ ਮੰਜ਼ੂਰੀ ਮਿਲ ਜਾਂਦੀ ਹੈ।

### ਇਹ ਤਜਵੀਜ਼ਾਂ ਵੋਟ-ਪਰਚੀ 'ਤੇ ਕਿਉਂ ਹਨ?

ਨਿਊਯਾੱਰਕ ਰਾਜ ਵਿਧਾਨਮੰਡਲ ਨਿਊਯਾੱਰਕ ਦੇ ਵਸਨੀਕਾਂ ਵਲੋਂ ਵੋਟ ਪਾਉਣ ਵਾਸਤੇ ਰਾਜਵਿਆਪੀ ਵੋਟ-ਪਰਚੀ ਬਾਰੇ ਕਾਰਵਾਈਆਂ ਤਜਵੀਜ਼ ਕਰਦਾ ਹੈ ਅਤੇ ਉਸ ਨੂੰ ਪਾਸ ਕਰਦਾ ਹੈ।



# ਤਜਵੀਜ਼ਾਂ ਵਾਲੀ ਵੋਟ-ਪਰਚੀ 1

# ਸਮਾਲ ਸਿਟੀ ਸਕੂਲ ਡਿਸਟ੍ਰਿਕਟ ਨੂੰ ਕਰਜ਼ੇ ਦੀ ਖ਼ਾਸ ਸੰਵਿਧਾਨਕ ਬੰਦਿਸ਼ ਤੋਂ ਹਟਾਉਣਾ

## ਤੁਹਾਨੂੰ ਵੋਟ-ਪਰਚੀ 'ਤੇ ਕੀ ਨਜ਼ਰ ਆਏਗਾ

ਸੰਵਿਧਾਨ ਦੇ ਆਰਟੀਕਲ 8, ਸੈਕਸ਼ਨ 4 ਵਿੱਚ ਤਜਵੀਜ਼ਸ਼ੁਦਾ ਤਰਮੀਮ ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ 'ਤੇ ਲਾਈ ਗਈ ਕਰਜ਼ੇ ਦੀ ਖ਼ਾਸ ਸੰਵਿਧਾਨਕ ਬੰਦਿਸ਼ ਹਟਾਉਂਦੀ ਹੈ, ਇਸ ਲਈ ਉਹਨਾਂ ਦੇ ਨਾਲ ਹੀ ਹੋਰ ਸਾਰੀਆਂ ਸਕੂਲ ਡਿਸਟ੍ਰਿਕਟ ਨਾਲ ਇੱਕੋ ਜਿਹਾ ਵਿਹਾਰ ਕੀਤਾ ਜਾਏਗਾ। ਕੀ ਤਜਵੀਜ਼ਸ਼ੁਦਾ ਤਰਮੀਮ ਨੂੰ ਮੰਜ਼ੂਰੀ ਦਿੱਤੀ ਜਾਏਗੀ?

### ਤਜਵੀਜ਼ ਦਾ ਸਾਰ:

ਇਹ ਸੰਵਿਧਾਨਕ ਤਰਮੀਮ ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ ਲਈ ਕਰਜ਼ੇ ਦੀ ਖ਼ਾਸ ਬੰਦਿਸ਼ ਨੂੰ ਹਟਾਉਂਦੀ ਹੈ। ਸਾਰੀਆਂ ਸਕੂਲ ਡਿਸਟ੍ਰਿਕਟ ਲਈ ਸਟੇਟ ਦੇ ਕਾਨੂੰਨ ਵਿੱਚ ਕਰਜ਼ੇ ਦੀ ਬੰਦਿਸ਼ ਤਿਆਰ ਕੀਤੀ ਜਾਏਗੀ।

ਛੋਟੇ ਸ਼ਹਿਰ ਦੀ ਸਕੂਲ ਡਿਸਟ੍ਰਿਕਟ ਉਹ ਹੁੰਦੀ ਹੈ, ਜਿਸ ਵਿੱਚ ਛੋਟੇ ਸ਼ਹਿਰ ਦਾ ਕੁਝ ਹਿੱਸਾ ਸ਼ਾਮਿਲ ਹੁੰਦਾ ਹੈ। ਛੋਟਾ ਸ਼ਹਿਰ ਇੱਕ ਅਜਿਹਾ ਸ਼ਹਿਰ ਹੈ, ਜਿਸ ਵਿੱਚ ਇੱਕ ਲੱਖ ਪੱਚੀ ਹਜ਼ਾਰ ਤੋਂ ਘੱਟ ਲੋਕ ਹੁੰਦੇ ਹਨ।

ਸਟੇਟ ਦਾ ਸੰਵਿਧਾਨ ਇਹ ਬੰਦਿਸ਼ ਲਾਉਂਦਾ ਹੈ ਕਿ ਇੱਕ ਛੋਟੇ ਸ਼ਹਿਰ ਦੀ ਸਕੂਲ ਡਿਸਟ੍ਰਿਕਟ ਕਿੰਨਾ ਕਰਜ਼ਾ ਲੈ ਸਕਦੀ ਹੈ। ਉਹਨਾਂ ਸਕੂਲਾਂ ਦਾ ਕਰਜ਼ਾ ਡਿਸਟ੍ਰਿਕਟ ਵਿੱਚ ਟੈਕਸ ਵਾਲੀ ਰੀਅਲ ਐਸਟੇਟ ਦੇ ਮੁੱਲ ਦੇ ਪੰਜ ਫ਼ੀਸਦ ਤੋਂ ਵੱਧ ਨਹੀਂ ਹੋ ਸਕਦਾ। ਕੁਝ ਖ਼ਰਚਿਆਂ ਲਈ ਛੋਟ ਦਿੱਤੀ ਗਈ ਹੈ। ਹੋਰ ਸਕੂਲ ਡਿਸਟ੍ਰਿਕਟ ਸੰਵਿਧਾਨਕ ਕਰਜ਼ੇ ਦੀ ਬੰਦਿਸ਼ ਹੇਠ ਨਹੀਂ ਹਨ, ਪਰ ਸਟੇਟ ਦੇ ਕਾਨੂੰਨ ਵਲੋਂ ਦਿੱਤੀ ਗਈ ਕਰਜ਼ੇ ਦੀ ਇੱਕ ਅਲੱਗ ਸੀਮਾ ਹੈ। ਸਟੇਟ ਦਾ ਕਾਨੂੰਨ ਕਹਿੰਦਾ ਹੈ ਕਿ ਉਹਨਾਂ ਦਾ ਕਰਜ਼ਾ ਟੈਕਸ ਵਾਲੀ ਅਸਲ ਸੰਪਤੀ ਦੇ ਮੁੱਲ ਦੇ ਦੱਸ ਫ਼ੀਸਦ ਤੋਂ ਵੱਧ ਨਹੀਂ ਹੋ ਸਕਦਾ। ਜੇ ਇਹ ਸੰਵਿਧਾਨਕ ਤਰਮੀਮ ਪਾਸ ਹੋ ਜਾਂਦੀ ਹੈ, ਤਾਂ ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ ਵਿਧਾਨਕਾਰੀ ਕਾਰਵਾਈ ਰਾਹੀਂ ਪਾਸ ਕੀਤੇ ਗਏ ਕਾਨੂੰਨ ਨਾਲ ਹੋਰਨਾਂ ਸਕੂਲ ਡਿਸਟ੍ਰਿਕਟ ਵਾਂਗ ਹੀ ਕਰਜ਼ੇ ਦੀ ਸੀਮਾ ਦੇ ਯੋਗ ਹੋਣਗੀਆਂ।

### ਜੇ ਇਹ ਤਜਵੀਜ਼ ਪਾਸ ਹੁੰਦੀ ਹੈ:

ਛੋਟੇ ਸ਼ਹਿਰ ਦੀਆਂ ਸਕੂਲ ਡਿਸਟ੍ਰਿਕਟ, ਹੋਰਨਾਂ ਸਕੂਲ ਡਿਸਟ੍ਰਿਕਟ ਵਾਂਗ ਕਾਨੂੰਨ ਰਾਹੀਂ ਪਾਸ ਕੀਤੀ ਗਈ ਇੱਕੋ ਜਿਹੀ ਸੀਮਾ ਦੇ ਯੋਗ ਹੋਣਗੀਆਂ।

# ਤਜਵੀਜ਼ਾਂ ਵਾਲੀ ਵੋਟ-ਪਰਚੀ 2
# ਸੀਵੇਜ ਦੇ ਪ੍ਰੋਜੈਕਟ ਬਾਰੇ ਕਰਜ਼ੇ ਨੂੰ ਕਰਜ਼ੇ ਦੀ ਸੀਮਾ ਤੋਂ ਬਾਹਰ ਕਰਨਾ

## ਤੁਹਾਨੂੰ ਵੋਟ-ਪਰਚੀ 'ਤੇ ਕੀ ਨਜ਼ਰ ਆਏਗਾ

ਸੰਵਿਧਾਨ ਦੇ ਆਰਟੀਕਲ 8, ਸੈਕਸ਼ਨ 5 ਵਿੱਚ ਤਜਵੀਜ਼ਸ਼ੁਦਾ ਤਰਮੀਮ ਕਾਊਂਟੀਆਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚਲੀਆਂ ਸੀਵੇਜ ਦੀਆਂ ਸਹੂਲਤਾਂ ਦੀ ਉਸਾਰੀ ਕਰਨ ਲਈ ਆਪਣੀ ਸੰਵਿਧਾਨਕ ਕਰਜ਼ੇ ਦੀ ਸੀਮਾ ਤੋਂ ਕਰਜ਼ਾ ਹਟਾਉਣ ਦਾ ਅਖ਼ਤਿਆਰ ਦੱਸ ਸਾਲ ਲਈ ਵਧਾਉਂਦੀ ਹੈ। ਕੀ ਤਜਵੀਜ਼ਸ਼ੁਦਾ ਤਰਮੀਮ ਨੂੰ ਮੰਜ਼ੂਰੀ ਦਿੱਤੀ ਜਾਏਗੀ?

## ਤਜਵੀਜ਼ ਦਾ ਸਾਰ:

ਸੰਵਿਧਾਨ ਕਾਊਂਟੀਆਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਲੋਂ ਲਏ ਜਾਣ ਵਾਲੇ ਕਰਜ਼ੇ ਨੂੰ ਸੀਮਤ ਕਰਦਾ ਹੈ। ਕਰਜ਼ੇ ਦੀ ਇਸ ਸੀਮਾ ਵਿੱਚ ਸੀਵੇਜ ਦਾ ਟ੍ਰੀਟਮੈਂਟ ਅਤੇ ਨਿਪਟਾਰੇ ਲਈ ਉਸਾਰੀ ਦੇ ਪ੍ਰੋਜੈਕਟਾਂ ਲਈ ਕਰਜ਼ਾ ਸ਼ਾਮਿਲ ਨਹੀਂ ਹੈ। ਸੀਵਰ ਦੇ ਕਰਜ਼ੇ ਬਾਰੇ ਛੋਟ 1 ਜਨਵਰੀ, 2024 ਨੂੰ ਖ਼ਤਮ ਹੋ ਰਹੀ ਹੈ। ਇਹ ਤਰਮੀਮ ਸੀਵਰ ਦੇ ਕਰਜ਼ੇ ਬਾਰੇ ਛੋਟ ਨੂੰ 1 ਜਨਵਰੀ, 2034 ਤੱਕ ਦੱਸ ਸਾਲ ਲਈ ਵਧਾਉਂਦੀ ਹੈ।

ਤਜਵੀਜ਼ਸ਼ੁਦਾ ਤਰਮੀਮ ਸੰਵਿਧਾਨ ਦੇ ਆਰਟੀਕਲ 8 ਦੇ ਸੈਕਸ਼ਨ 5 ਵਿੱਚ ਤਬਦੀਲੀ ਕਰਕੇ ਇੰਜ ਕਰਦੀ ਹੈ।

## ਜੇ ਇਹ ਤਜਵੀਜ਼ ਪਾਸ ਹੁੰਦੀ ਹੈ:

ਸੰਵਿਧਾਨ ਵਲੋਂ ਕਾਊਂਟੀਆਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਨੂੰ ਕਰਜ਼ੇ ਦੀ ਰਕਮ ਤੋਂ ਸੀਵੇਜ ਦਾ ਟ੍ਰੀਟਮੈਂਟ ਕਰਨ ਅਤੇ ਨਿਪਟਾਰੇ ਦੀਆਂ ਲਾਗਤਾਂ ਨੂੰ ਵਖਰਿਆਉਣ ਦਾ ਕੰਮ ਅਗਲੇ 10 ਸਾਲ ਤੱਕ ਜਾਰੀ ਰਹੇਗਾ।

# NYC Votes ਬਾਰੇ

**ਇੱਕ ਸੁਤੰਤਰ ਸਿਟੀ ਏਜੰਸੀ, ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਹੈ, ਦੀ ਇੱਕ ਪਹਿਲ NYC Votes ਹੈ, ਜੋ ਸਥਾਨਕ ਚੋਣਾਂ ਨੂੰ ਨਿਰਪੱਖ, ਸਮੁੱਚੇ ਅਤੇ ਸਪਸ਼ਟ ਤਰੀਕੇ ਨਾਲ ਕਰਾਉਣ ਨੂੰ ਯਕੀਨੀ ਬਣਾਉਂਦੀ ਹੈ।**

ਅਸੀਂ ਵੋਟਰਾਂ ਅਤੇ ਉਮੀਦਵਾਰਾਂ ਵਿਚਕਾਰ ਇੱਕੋ ਜਿਹੀ ਭਾਈਵਾਲੀ ਨੂੰ ਉਤਸਾਹ ਦਿੰਦੇ ਹਾਂ, ਤਾਂਜੋ ਸਾਡੇ ਚੁਣੇ ਗਏ ਅਧਿਕਾਰੀ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਦੀਆਂ ਜ਼ਰੂਰਤਾਂ ਹੱਲ ਕਰਨ ਅਤੇ ਵੋਟਰਾਂ ਦੇ ਮਸਲੇ ਸੁਲਝਾਉਣ।

ਇੰਜ ਅਸੀਂ ਨਿਊ ਯਾਰਕ ਦੇ ਵਸਨੀਕਾਂ, ਜਿਹਨਾਂ ਵਲੋਂ ਵੋਟ ਪਾਉਣ ਦੀ ਸੰਭਾਵਨਾ ਘੱਟ ਹੀ ਹੈ, ਨੂੰ ਮਜ਼ਬੂਤ ਕਰਨ ਲਈ ਕਰਦੇ ਹਾਂ, ਦਫ਼ਤਰ ਲਈ ਚੋਣ ਲੜਣ ਦੇ ਅੜਿੱਕਿਆਂ ਨੂੰ ਘੱਟ ਕਰਦੇ ਹਾਂ ਅਤੇ ਆਪਣੇ ਚੋਣ-ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਹੱਲ ਕੱਢਣ ਦੀ ਪੇਸ਼ਕਸ਼ ਕਰਦੇ ਹਾਂ। NYC Votes ਸ਼ਹਿਰ ਭਰ ਵਿਚਲੇ ਵੋਟਰਾਂ ਨੂੰ ਰਜਿਸਟਰ ਕਰਨ, ਸਿੱਖਿਅਤ ਕਰਨ ਅਤੇ ਸ਼ਾਮਿਲ ਕਰਨ ਲਈ ਭਾਈਚਾਰਕ ਸੰਸਥਾਵਾਂ, ਵਾੱਲੰਟੀਅਰਾਂ ਅਤੇ ਸ਼ਹਿਰ ਦੀਆਂ ਹੋਰਨਾਂ ਏਜੰਸੀਆਂ ਨਾਲ ਭਾਈਵਾਲੀ ਕਰਦੀ ਹੈ। ਸਾਡਾ ਉਦੇਸ, ਸਾਡੀਆਂ ਚੋਣਾਂ ਕਿਵੇਂ ਕੰਮ ਕਰਦੀਆਂ ਹਨ ਅਤੇ ਉਹ ਅਹਿਮ ਕਿਉਂ ਹਨ, ਇਸ ਬਾਰੇ ਦਿਆਨਤਦਾਰੀ ਨਾਲ ਵਿਚਾਰ-ਵਟਾਂਦਰਾ ਕਰਕੇ ਨਿਊ ਯਾਰਕ ਦੇ ਸਾਰੇ ਵਸਨੀਕਾਂ ਵਿਚਕਾਰ ਚੋਣ ਅਮਲ ਦੀ ਵੱਡੀ ਸਮਝ ਬਣਾਉਣੀ ਹੈ।

1988 ਵਿੱਚ ਸਥਾਪਿਤ ਕੀਤੀ ਗਈ ਏਜੰਸੀ, ਨਿਊਯਾਰਕ ਦੇ ਵਸਨੀਕਾਂ ਨੂੰ ਉਹਨਾਂ ਦੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਕਾਰੀ ਅਤੇ ਉਹਨਾਂ ਦੇ ਚੋਣ-ਪ੍ਰਚਾਰਾਂ ਲਈ ਰਕਮਾਂ ਕਿਵੇਂ ਮਿਲਦੀਆਂ ਹਨ, ਬਾਰੇ ਪੂਰੀ ਜਾਣਕਾਰੀ ਦਿੰਦੀ ਹੈ। ਸਾਡਾ ਮੈਚਿੰਗ ਫੰਡ ਪ੍ਰੋਗਰਾਮ ਸ਼ਹਿਰ ਦੀ ਫ਼ੰਡਿੰਗ ਦੇ $8 ਤੱਕ ਸਥਾਨਕ ਡੋਨਰ ਦੇ ਹਰ $1 ਨਾਲ ਮੇਲ ਖਾਂਦਾ ਹੈ, ਜਿਸ ਨਾਲ ਸ਼ਹਿਰ ਦੇ ਉਮੀਦਵਾਰਾਂ ਨੂੰ ਖ਼ਾਸ ਹਿੱਤਾਂ ਦੀ ਥਾਂ ਆਪਣੇ ਭਾਈਚਾਰਿਆਂ 'ਤੇ ਧਿਆਨ ਲਾਉਣ ਲਈ ਪ੍ਰੇਰਿਆ ਜਾਂਦਾ ਹੈ।

## ਮੈਚਿੰਗ ਫ਼ੰਡ ਪ੍ਰੋਗਰਾਮ

**ਸ਼ਹਿਰ ਦੇ ਉਮੀਦਵਾਰਾਂ ਲਈ ਤੁਹਾਡੇ ਯੋਗਦਾਨ ਦੀ ਅਹਿਮੀਅਤ ਉਸ ਸਮੇਂ ਵਧ ਜਾਂਦੀ ਹੈ, ਜਦੋਂ ਤੁਸੀਂ ਸ਼ਹਿਰ ਦੇ ਮੈਚਿੰਗ ਫ਼ੰਡਾਂ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਦੀ ਹਿਮਾਇਤ ਕਰਦੇ ਹੋ। ਹਿੱਸਾ ਲੈ ਰਹੇ ਉਮੀਦਵਾਰਾਂ ਲਈ ਸ਼ਹਿਰ ਦੇ ਵਸਨੀਕਾਂ ਤੋਂ ਮਿਲਣ ਵਾਲੇ ਦਾਨ ਦੀ ਮੈਚਿੰਗ $8-ਤੋਂ-$1 ਤੱਕ ਕੀਤੀ ਜਾ ਸਕਦੀ ਹੈ। ਇਸਦਾ ਮਤਲਬ ਇਹ ਹੈ ਕਿ ਜਦੋਂ ਤੁਸੀਂ $10 ਦਿੰਦੇ ਹੋ, ਤਾਂ ਉਮੀਦਵਾਰ ਨੂੰ $90 ਮਿਲਦੇ ਹਨ।**

ਇਹ ਪ੍ਰੋਗਰਾਮ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਚੋਣ-ਪ੍ਰਚਾਰ ਲਈ ਰਕਮਾਂ, ਖ਼ਾਸ ਹਿੱਤਾਂ ਦੀ ਬਜਾਇ ਨਿਊ ਯਾਰਕ ਦੇ ਵਸਨੀਕਾਂ ਵਲੋਂ ਦਿੱਤੀ ਜਾਣ ਵਾਲੀ ਡਾੱਲਰ ਦੀ ਮਾਮੂਲੀ ਰਕਮ ਨਾਲ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸਦਾ ਮਤਲਬ ਇਹ ਵੀ ਹੈ ਕਿ ਜਿਹੜੇ ਉਮੀਦਵਾਰ ਅਮੀਰ ਨਹੀਂ ਹਨ, ਪਰ ਭਾਈਚਾਰੇ ਵਿੱਚ ਉਹਨਾਂ ਦੀ ਮਜ਼ਬੂਤ ਹਿਮਾਇਤ ਹੋਣ ਕਰਕੇ ਉਹ ਹੋਰ ਵੰਨ-ਸੁਵੰਨੀ ਅਤੇ ਨੁਮਾਇੰਦਾ ਸਰਕਾਰ ਬਣਾਉਣ ਲਈ ਚੋਣ ਲੜ ਸਕਦੇ ਹਨ। ਨਿਊ ਯਾਰਕ ਦੀ 2021 ਦੀ ਚੋਣ ਵਿੱਚ 83% ਤੋਂ ਵੱਧ ਸਥਾਨਕ ਉਮੀਦਵਾਰਾਂ ਨੇ ਦੱਸਿਆ ਹੈ ਕਿ ਦਫ਼ਤਰ ਲਈ ਚੋਣ ਲੜਣ ਵਾਸਤੇ ਉਹਨਾਂ ਦੀ ਸਮਰੱਥਾ ਲਈ ਮੈਚਿੰਗ ਫ਼ੰਡਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

**contribute.nycvotes.org 'ਤੇ ਯੋਗਦਾਨ ਪਾਓ**

# ਅਕਸਰ ਪੁੱਛੇ ਜਾਣ ਵਾਲੇ ਸੁਆਲ

## ਆਮ

### ਆਮ ਚੋਣਾਂ ਕੀ ਹਨ?

ਆਮ ਚੋਣ ਵਿੱਚ, ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਚੁਣਿਆ ਗਿਆ ਅਹੁਦਾ ਜਿੱਤਣ ਲਈ ਮੁਕਾਬਲਾ ਕਰਦੇ ਹਨ। ਤੁਸੀਂ ਵੋਟ-ਪਰਚੀ 'ਤੇ ਹਰ ਇੱਕ ਦਫ਼ਤਰ ਲਈ ਕਿਸੇ ਵੀ ਪਾਰਟੀ ਲਾਈਨ 'ਤੇ ਚੋਣ ਲੜ ਰਹੇ ਕਿਸੇ ਵੀ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ। ਤੁਸੀਂ ਤਜਵੀਜ਼ਾਂ ਵਾਲੀ ਵੋਟ ਪਰਚੀ 'ਤੇ ਵੀ "ਹਾਂ ਜਾਂ ਨਹੀਂ" ਵਿੱਚ ਵੋਟ ਪਾ ਸਕਦੇ ਹੋ। ਅੰਤਮ-ਤਾਰੀਖ਼ ਤੱਕ ਸਾਰੇ ਰਜਿਸਟਰਡ ਵੋਟਰ ਆਮ ਚੋਣਾਂ ਵਿੱਚ ਵੋਟ ਪਾਉਣ ਦੇ ਹੱਕਦਾਰ ਹਨ।

### ਮੈਂ ਵੋਟ ਪਾਉਣ ਲਈ ਰਜਿਸਟਰਡ ਹਾਂ, ਦਾ ਕਿਵੇਂ ਪਤਾ ਲਾ ਸਕਦਾ ਹਾਂ?

**voterlookup.elections.ny.gov** 'ਤੇ ਜਾਓ ਜਾਂ ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ 866-VOTE-NYC (866-868-3692) ਜਾਂ TTY 212-487-5496 'ਤੇ NYC ਚੋਣ ਬੋਰਡ (Board of Elections) ਨੂੰ ਕਾੱਲ ਕਰੋ।

### ਕੀ ਹੁੰਦਾ ਹੈ, ਜੇ ਮੈਂ ਆਖ਼ਰੀ ਵਾਰੀ ਵੋਟ ਪਾਉਣ ਤੋਂ ਬਾਅਦ ਨਿਊਯਾਰਕ ਸਿਟੀ ਦੇ ਅੰਦਰ ਕਿਤੇ ਚਲਾ ਗਿਆ ਸੀ?

ਜਦੋਂ ਤੁਸੀਂ ਜਾਂਦੇ ਹੋ, ਤਾਂ ਤੁਹਾਨੂੰ ਨਵਾਂ ਵੋਟਰ ਰਜਿਸਟ੍ਰੇਸ਼ਨ ਫਾਰਮ ਜਮ੍ਹਾ ਕਰਕੇ ਚੋਣ ਬੋਰਡ (Board of Elections) ਕੋਲ ਆਪਣਾ ਪਤਾ ਬਦਲਵਾਉਣਾ ਚਾਹੀਦਾ ਹੈ। ਤੁਹਾਡਾ ਬਦਲਿਆ ਹੋਇਆ ਪਤਾ 23 ਅਕਤੂਬਰ ਤੱਕ ਚੋਣ ਬੋਰਡ (Board of Elections) ਨੂੰ ਜ਼ਰੂਰ ਮਿਲ ਜਾਣਾ ਚਾਹੀਦਾ ਹੈ। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ ਇਹ ਪਤਾ ਲਾਉਣ ਵਾਸਤੇ ਕਿ ਕੀ ਤੁਹਾਡੇ ਪਤੇ ਵਿੱਚ ਤਬਦੀਲੀ ਕਰਨ ਬਾਰੇ ਕਾਰਵਾਈ ਹੋ ਰਹੀ ਹੈ,ਲਈ 866-VOTE-NYC (866-868-3692) ਜਾਂ TTY 212-487-5496 'ਤੇ ਕਾੱਲ ਕਰੋ। ਜੇ ਤੁਹਾਡਾ ਪਤਾ ਅਜੇ ਤੱਕ ਅਪਡੇਟ ਨਹੀਂ ਹੋਇਆ, ਤਾਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਇੱਕ ਹਲਫ਼ਨਾਮੇ ਵਾਲੀ ਵੋਟ-ਪਰਚੀ ਲਈ ਬੇਨਤੀ ਕਰਕੇ ਤੁਹਾਡੇ ਨਵੇਂ ਪਤੇ ਲਈ ਮਿੱਥੀ ਗਈ ਵੋਟਾਂ ਪੈਣ ਦੀ ਥਾਂ 'ਤੇ ਵੋਟ ਪਾ ਸਕਦੇ ਹੋ।

## ਡਾਕ ਰਾਹੀਂ ਵੋਟ

### ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਦੇ ਢੁਕਵੇਂ ਕਾਰਣ ਕਿਹੜੇ ਹਨ?

ਜੇ ਤੁਸੀਂ ਚੋਣ ਦਿਹਾੜਾ ਨਿਊਯਾੱਰਕ ਸਿਟੀ ਤੋਂ ਦੂਰ ਹੋ, ਕੋਈ ਬਿਮਾਰੀ ਜਾਂ ਸਰੀਰਕ ਅਸਮਰੱਥਾ (ਅਪੰਗਤਾ) ਹੈ, ਤੁਸੀਂ ਉਹਨਾਂ ਲੋਕਾਂ ਲਈ ਮੁੱਖ ਦੇਖਭਾਲ ਪ੍ਰੋਵਾਈਡਰ ਹੋ, ਜੋ ਸਰੀਰਕ ਤੌਰ 'ਤੇ ਅਸਮਰੱਥ (ਅਪਾਹਜ), ਵੈਟਰਨਸ ਹੈਲਥ ਐਡਮਿਨਿਸਟ੍ਰੇਸ਼ਨ ਹਸਪਤਾਲ ਦੇ ਵਸਨੀਕ ਜਾਂ ਮਰੀਜ ਹਨ, ਜਾਂ ਜੇ ਤੁਸੀਂ ਕੈਦ ਵਿੱਚ ਹੋ (ਗੁੰਡਾਗਰਦੀ ਦੀ ਸਜ਼ਾ ਤੋਂ ਛੁੱਟ ਕਿਸੇ ਹੋਰ ਕਾਰਣ ਕਰਕੇ) ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ। ਤੁਸੀਂ ਆਪਣੀ ਗੈਰਹਾਜ਼ਰ ਬੈਲਟ ਵਾਲੇ ਬੇਨਤੀ ਫ਼ਾਰਮ 'ਤੇ ਆਪਣਾ ਕਾਰਣ ਲਿਖ ਸਕਦੇ ਹੋ।

### ਕੀ ਮੈਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਕੇ ਅਜੇ ਵੀ ਆਪ ਜਾਕੇ ਵੋਟ ਪਾਉਣ ਦੇ ਯੋਗ ਹਾਂ

ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕੀਤੀ ਹੈ, ਤਾਂ ਫਿਰ ਤੁਹਾਨੂੰ ਇਸ ਨਾਲ ਵੋਟ ਪਾਉਣ ਦਾ ਪਲਾਨ ਬਣਾਉਣਾ ਚਾਹੀਦਾ ਹੈ। ਚੋਣ ਸ਼ੁਰੂ ਹੋਣ ਦੇ ਸਮੇਂ, ਤੁਸੀਂ ਵੋਟਿੰਗ ਹੋਣ ਵਾਲੀ ਕਿਸੇ ਵੀ ਥਾਂ 'ਤੇ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਹਾਲਾਂਕਿ, ਜੇ ਤੁਸੀਂ ਗੈਰਹਾਜ਼ਰ ਬੈਲਟ ਦੀ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ। ਇਹ ਵੋਟ-ਪਰਚੀ ਵੱਖਰੀ ਨਜ਼ਰ ਆਏਗੀ। ਜੇ ਤੁਹਾਨੂੰ ਇਸਦੀ ਲੋੜ ਹੈ, ਤਾਂ ਮਦਦ ਲਈ ਪੋਲ ਵਰਕਰ ਨੂੰ ਕਹੋ।

### ਕੀ ਮੈਨੂੰ ਡਾਕ ਟਿਕਟਾਂ ਲਾਉਣ ਦੀ ਲੋੜ ਹੈ, ਜੇ ਮੈਂ ਆਪਣੀ ਵੋਟ-ਪਰਚੀ ਡਾਕ ਰਾਹੀਂ ਭੇਜਦਾ ਹਾਂ?

ਨਹੀਂ, ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ। ਹਾਲਾਂਕਿ, ਜਿੰਨੀ ਛੇਤੀ ਸੰਭਵ ਹੋਵੇ, ਆਪਣੀ ਵੋਟ-ਪਰਚੀ ਵਾਪਸ ਡਾਕ ਰਾਹੀਂ ਭੇਜਣੀ ਯਕੀਨੀ ਬਣਾਓ। ਵੈਧ ਹੋਣ ਲਈ ਇਸ ਨੂੰ ਚੋਣ ਦਿਹਾੜਾ ਤੱਕ ਪੋਸਟਮਾਰਕ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ 14 ਨਵੰਬਰ ਤੱਕ ਕਾਉਂਟੀ ਬੋਰਡ ਕੋਲ ਜ਼ਰੂਰ ਪਹੁੰਚ ਜਾਣਾ ਚਾਹੀਦਾ ਹੈ।

### ਕੀ ਮੈਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਗੈਰਹਾਜ਼ਰ ਬੈਲਟ ਪਾ ਸਕਦਾ/ਸਕਦੀ ਹਾਂ?

ਹਾਂ! ਤੁਸੀਂ ਕਿਸੇ ਵੀ NYC ਦੀ ਵੋਟਾਂ ਪੈਣ ਦੀ ਥਾਂ 'ਤੇ ਜਾਂ ਚੋਣ ਬੋਰਡ ਦੇ ਦਫ਼ਤਰ ਵਿੱਚ ਆਪਣੀ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਮੂਹਰਲੇ ਡੈਸਕ 'ਤੇ ਵੋਟ-ਪਰਚੀਆਂ ਵਾਲਾ ਡੱਬਾ ਮਿਲਣਗੇ। ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ।

### ਕੀ ਮੈਂ ਆਪਣੀ ਵੋਟ-ਪਰਚੀ ਵਾਪਸ ਕਰਨ ਤੋਂ ਬਾਅਦ ਇਸਦਾ ਟ੍ਰੈਕ ਕਰ ਸਕਦਾ ਹਾਂ?

ਹਾਂ! **nycabsentee.com/tracking** 'ਤੇ ਜਾਓ।

### ਕੀ ਹੁੰਦਾ ਹੈ, ਜੇ ਮੇਰੀ ਗੈਰਹਾਜ਼ਰ ਬੈਲਟ ਨਾਲ ਕੋਈ ਮਸਲਾ ਹੈ? ਕੀ ਮੈਨੂੰ ਇਸ ਨੂੰ ਦਰੁਸਤ ਕਰਨ ਦਾ ਮੌਕਾ ਮਿਲੇਗਾ?

ਜੇ ਤੁਹਾਡੀ ਵੋਟ-ਪਰਚੀ ਦੇ ਲਿਫ਼ਾਫ਼ੇ 'ਤੇ ਦਸਤਖ਼ਤ ਨਾ ਕਰਨ ਜਾਂ ਗ਼ਲਤ ਦਸਤਖ਼ਤ ਕਰਨ ਵਰਗੀ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਤੁਹਾਨੂੰ ਕਾਨੂੰਨ ਦੀ ਲੋੜ ਅਨੁਸਾਰ ਇਸ ਬਾਰੇ ਚੋਣ ਬੋਰਡ ਨੂੰ ਦੱਸਣਾ ਪੈਣਾ ਹੈ। ਜੇ ਤੁਹਾਡੀ ਵੋਟ-ਪਰਚੀ 'ਤੇ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਦਫ਼ਤਰ ਇਸ ਗ਼ਲਤੀ ਦਾ ਪਤਾ ਲੱਗਣ ਦੇ 1 ਦਿਨ ਦੇ ਅੰਦਰ ਡਾਕ, ਈਮੇਲ ਜਾਂ ਫੋਨ (ਜੇ ਉਪਲਬਧ ਹੈ) ਰਾਹੀਂ ਤੁਹਾਡੇ ਨਾਲ ਸੰਪਰਕ ਕਰੇਗਾ। ਫਿਰ, ਦਸਤਖ਼ਤਸ਼ੁਦਾ ਪੁਸ਼ਟੀ ਵਾਪਸ ਕਰਕੇ ਉਸ ਗ਼ਲਤੀ ਨੂੰ ਠੀਕ ਕਰਨ ਲਈ ਤੁਹਾਡੇ ਕੋਲ ਦਫ਼ਤਰੀ ਕੰਮਕਾਜ ਦੇ 7 ਦਿਨ ਤੱਕ ਹੋਣਗੇ।

# ਹੋਰ ਸੁਆਲ ਹਨ?

punjabi.nycvotes.org/faqs 'ਤੇ ਜਾਓ!

ਤੁਸੀਂ ਸਾਨੂੰ nycvotes@nyccfb.info 'ਤੇ ਵੀ ਈਮੇਲ ਕਰ ਸਕਦੇ ਹੋ ਜਾਂ Instagram, Twitter, Facebook ਜਾਂ Reddit (@nycvotes) 'ਤੇ ਮੈਸੇਜ ਕਰ ਸਕਦੇ ਹੋ।

## ਚੋਣ ਬੋਰਡ ਦੇ ਨਾਲ ਆਪਣੀ ਜਾਣਕਾਰੀ ਅਪਡੇਟ ਕਰੋ

ਸਾਨੂੰ ਤੁਹਾਡਾ ਨਾਂ ਅਤੇ ਪਤਾ ਨਿਊਯਾਰਕ ਸ਼ਹਿਰ ਚੋਣ ਬੋਰਡ ਵਲੋਂ ਪ੍ਰਬੰਧ ਕੀਤੀ ਗਈ ਰਜਿਸਟਰਡ ਵੋਟਰਾਂ ਦੀ ਸੂਚੀ ਤੋਂ ਮਿਲ ਗਿਆ ਹੈ।

ਜੇ ਤੁਹਾਨੂੰ ਮੇਲ ਰਾਹੀਂ ਵੋਟ ਮਿਲਦੀ ਹੈ, ਪਰ ਤੁਸੀਂ ਉਸ ਪਤੇ 'ਤੇ ਨਹੀਂ ਰਹਿੰਦੇ ਜਾਂ ਪਿਛਲਾ ਵਸਨੀਕ ਚਲਾ ਗਿਆ ਹੈ ਜਾਂ ਉਸਦੀ ਮੌਤ ਹੋ ਗਈ ਹੈ, ਤਾਂ ਚੋਣ ਬੋਰਡ ਨੂੰ ਦੱਸੋ, ਤਾਂਜੋ ਉਹ ਆਪਣੇ ਰਿਕਾੱਰਡ ਦਰੁਸਤ ਕਰ ਸਕਣ।

## ਵੋਟਰ ਗਾਈਡ ਬਾਰੇ

NYC VOTES

ਕਾਨੂੰਨ ਅਨੁਸਾਰ, ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਨੂੰ ਸ਼ਹਿਰ ਦੀਆਂ ਚੋਣਾਂ ਲਈ ਨਿਊਯਾੱਰਕ ਸਿਟੀ ਵਿੱਚ ਰਜਿਸਟਰਡ ਵੋਟਰ ਵਾਲੇ ਹਰ ਇੱਕ ਘਰ ਵਿੱਚ ਇੱਕ ਵੋਟਰ ਗਾਈਡ ਜ਼ਰੂਰ ਭੇਜਣੀ ਚਾਹੀਦੀ ਹੈ। ਅਸੀਂ ਹਰ ਰਜਿਸਟਰਡ ਵੋਟਰ ਲਈ ਇਹ ਗਾਈਡ ਅੰਗ੍ਰੇਜ਼ੀ ਅਤੇ ਸਪੈਨਿਸ਼ ਅਤੇ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਅਧਾਰ 'ਤੇ ਮਿੱਥੇ ਹੋਏ ਇਲਾਕਿਆਂ ਵਿਚਲੇ ਵੋਟਰਾਂ ਨੂੰ ਅਰਬੀ, ਬੰਗਾਲੀ, ਚੀਨੀ, ਫ੍ਰੈਂਚ, ਹੈਤੀਅਨ ਕ੍ਰਿਓਲ, ਹਿੰਦੀ, ਕੋਰੀਅਨ, ਪੋਲਿਸ਼, ਪੰਜਾਬੀ, ਰੂਸੀ ਅਤੇ ਉਰਦੂ ਵਿੱਚ ਭੇਜਦੇ ਹਾਂ।

ਇਸ ਗਾਈਡ ਵਿੱਚ ਉਹ ਸਾਰੇ ਉਮੀਦਵਾਰ ਸ਼ਾਮਿਲ ਹਨ, ਜਿਹਨਾਂ ਦੀ ਇਸਦੀ ਛਪਾਈ ਸਮੇਂ ਵੋਟ-ਪਰਚੀ 'ਤੇ ਹੋਣ ਦੀ ਸੰਭਾਵਨਾ ਸੀ। ਇੱਕ ਅਪਡੇਟ ਸੂਚੀ ਲਈ, **nycvotes.org/pa** 'ਤੇ ਆੱਨਲਾਈਨ ਗਾਈਡ 'ਤੇ ਜਾਓ।

ਨਿਊਯਾੱਰਕ ਸਿਟੀ 2023 ਦੀਆਂ ਆਮ ਚੋਣਾਂ ਬਾਰੇ ਵੋਟਰ ਗਾਈਡ। ਕਾੱਪੀਰਾਈਟ © 2023 ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਨਿਊਯਾਰਕ ਸਾਰੇ ਹੱਕ ਰਾਖਵੇਂ ਹਨ। ਬੈੱਲਵੈਦਰ ਏਜੰਸੀ ਵਲੋਂ ਡਿਜ਼ਾਈਨ। ਅਮਰੀਕਾ ਵਿੱਚ ਤਿਆਰ ਕੀਤੀ ਗਈ ਹੈ

## ਚੋਣ ਬੋਰਡ ਨਾਲ ਸੰਪਰਕ ਕਰੋ

ਚੋਣ ਬੋਰਡ ਸਾਡੀਆਂ ਚੋਣਾਂ ਦਾ ਪ੍ਰਬੰਧ ਕਰਦਾ ਹੈ ਅਤੇ ਰਜਿਸਟਰਡ ਵੋਟਰਾਂ ਦੇ ਡਾਟਾਬੇਸ ਦੀ ਸਾਂਭ-ਸੰਭਾਲ, ਵੋਟਾਂ ਪੈਣ ਵਾਲੀਆਂ ਥਾਵਾਂ ਦੀ ਨਿਗਰਾਨੀ, ਵੋਟ-ਪਰਚੀਆਂ ਦੀ ਗਿਣਤੀ ਅਤੇ ਚੋਣ ਨਤੀਜਿਆਂ ਦੀ ਰਿਪੋਰਟ ਕਰਨ ਲਈ ਜ਼ਿੰਮੇਵਾਰ ਹੈ। ਤੁਸੀਂ ਚੋਣ ਬੋਰਡ ਕੋਲ ਆਪਣੀ ਵੋਟਰ ਰਜਿਸਟ੍ਰੇਸ਼ਨ ਅਪਡੇਟ ਕਰ ਸਕਦੇ ਹੋ, ਗੈਰਹਾਜ਼ਰ ਬੈਲਟ ਲਈ ਅਪਲਾਈ ਕਰ ਸਕਦੇ ਹੋ, ਪੋਲ ਵਰਕਰ ਜਾਂ ਭਾਸ਼ਾ ਬਾਰੇ ਦੁਭਾਸੀਆ ਲਈ ਅਪਲਾਈ ਅਤੇ ਹੋਰ ਬਹੁਤ ਕੁਝ ਕਰ ਸਕਦੇ ਹੋ।

### ਕੰਮ-ਕਾਜ ਦਾ ਆਮ ਸਮਾਂ

ਸਵੇਰੇ 9:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਸੋਮਵਾਰ ਤੋਂ ਸ਼ੁੱਕਰਵਾਰ ਅਤੇ ਚੋਣ-ਦਿਵਸ 'ਤੇ ਅਤੇ ਉਸਤੋਂ ਪਹਿਲਾਂ ਪੈਣ ਵਾਲੇ ਵੀਕਐਂਡ ਦੌਰਾਨ। ਕੰਮ-ਕਾਜ ਦੇ ਸਮਿਆਂ ਲਈ **vote.nyc** 'ਤੇ ਪਤਾ ਲਾਓ।

**866-VOTE-NYC** (TTY **212-487-5496** ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ)

**ਹੋਰ ਜਾਣਨ ਲਈ vote.nyc 'ਤੇ ਜਾਓ**

| | ਪਤਾ | ਫੋਨ ਨੰਬਰ |
|---|---|---|
| ਆਮ ਦਫ਼ਤਰ | 32-42 Broadway, 7th Floor<br>New York, NY 10004 | 212-487-5400 |
| ਬ੍ਰੌਂਕਸ | 1780 Grand Concourse, 5th Floor<br>Bronx, NY 10457 | 718-299-9017 |
| ਬਰੁਕਲਿਨ | 345 Adams Street, 4th Floor<br>Brooklyn, NY 11201 | 718-797-8800 |
| ਮੈਨਹੱਟਨ | 200 Varick Street, 10th Floor<br>New York, NY 10014 | 212-886-2100 |
| ਕੁਈਨਸ | 118-35 Queens Boulevard, 11th Floor<br>Forest Hills, NY 11375 | 718-730-6730 |
| ਸਟੇਟਨ ਆਈਲੈਂਡ | 1 Edgewater Plaza, 4th Floor<br>Staten Island, NY 10305 | 718-876-0079 |